ਮਾਸਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

*1978* ਵੈਸਾਖੀ ਦੇ ਮਰਜੀਵੜਿਆਂ ਦਾ ਸ਼ਹੀਦੀ ਅਸਥਾਨ

**ਗੁਰਦਵਾਰਾ ਸ਼ਹੀਦ ਗੰਜ, ਸ੍ਰੀ ਅੰਮ੍ਰਿਤਸਰ**

APR 1991



ਅਪ੍ਰੈਲ ੧੯੯੧

ਅਖੰਡ ਕੀਰਤਨੀ ਜਥਿਆਂ ਵਲੋਂ ਵੈਸਾਖੀ ਸਮਾਗਮ
੧੨ ਸਵੇਰ ਤੋਂ ੧੫ ਅਪ੍ਰੈਲ ਸਵੇਰ ਤਕ ਹੋ ਰਹੇ ਹਨ।

www.AKJ.Org

# ਤ ਤ ਕ ਰਾ


| | | |
|---|---|---|
| ਦਸਮ ਦੁਆਰ ਦੀ ਬਿਸਮ-ਅਨੰਦ-ਖੇਡ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ ਜੀ ਦਾ ਗੁਰਮਤਿ ਆਦਰਸ਼ | ੪ | ,, ,, ,, |
| ਅੰਮ੍ਰਿਤ ਦਾ ਮੁੱਲ | ੭ | ਪ੍ਰਿੰਸੀਪਲ ਸਜਣ ਸਿੰਘ ਜੀ |
| ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ | ੧੧ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਪੰਜਾਂ ਪਿਆਰਿਆਂ ਦੀ ਦਾਸਤਾਨ | ੧੬ | ਗਿਆਨੀ ਹਰਿਬੰਸ ਸਿੰਘ ਜੀ |
| ਜਿਨ੍ਹਾਂ ਦੇਗ ਚਲਾਈ | ੧੯ | ਡਾਕਟਰ ਜਸਵੰਤ ਸਿੰਘ ਜ਼ੀ ਨੇਕੀ |
| ਭੂਰਿਆਂ ਵਾਲੇ ਰਾਜੇ ਕੀਤੇ (੧੬) | ੨੧ | ਕੈਪਟਿਨ ਸਵਰਨ ਸਿੰਘ ਜੀ |
| ਪੂਰਨ ਕਿਰਪਾ-ਪ੍ਰਾਪਤੀ ਲਈ ਨਾਮ-ਜਾਪ | ੨੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਦਾਚਾਰ ਧਰਮ ਦੇ ਆਸਰੇ ਹੀ | ੨੭ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਦੋਦੜ-ਪੰਥੀ ਗੁਰੂ-ਡੰਮ | ੩੦ | — — — |
| ਸਾਬਤ ਸੂਰਤਿ | ੩੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸੇ ਦਾ ਜਨਮ (ਕਵਿਤਾ) | ੩੫ | ਸ: ਅਤਰ ਸਿੰਘ ਜੀ ਨੀਰ |
| ਜੇ ਪੰਥ ਖਾਲਸਾ ਨਾ ਹੁੰਦਾ (ਕਵਿਤਾ) | ੩੬ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਟੀ. ਵੀ. ਇਕ ਭਿਆਨਕ ਰੋਗ | ੩੭ | ਭਾਈ ਅਮਰਜੀਤ ਸਿੰਘ ਜੀ ਨਿਹੰਗ |
| ਮਨੁਖਤਾ ਦਾ ਸਰਦਾਰ ਖਾਲਸਾ | ੩੮ | ਗਿਆਨੀ ਜੰਗ ਸਿੰਘ ਜੀ |
| ਪਿਆਰੇ ਮਾਸਟਰ ਹਰਬੰਸ ਸਿੰਘ ਜੀ | ੩੯ | ਸ: ਪਿਆਰਾ ਸਿੰਘ ਜ਼ੀ ਦਾਤਾ |
| ਕੀ ਧਰਮ ਬਿਨਾਂ ਪ੍ਰਸੰਨਤਾ ਹੋ ਸਕਦੀ ਹੈ ? | ੪੧ | ਸ: ਗੋਬਿੰਦ ਸਿੰਘ ਮਨਸੁਖਾਨੀ |


ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ ਦਿਵਸ ੪ ਅਪ੍ਰੈਲ ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਦਿਵਸ ੬ ਅਪ੍ਰੈਲ

ਖਾਲਸਾ ਜੀ ਦਾ ਜਨਮ ਦਿਨ ਵੈਸਾਖੀ ੧੪ ਅਪ੍ਰੈਲ

---

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭. ਫੀਲਡ ਗੰਜ

੨. ਪਟਿਆਲਾ -- ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ —ਭਾਈ ਤ੍ਰਿਲੋਕ ਸਿੰਘ ਜੀ. ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੋਕ ਪੰਜ ਪੀਰ

੪. ਹੁਸ਼ਿਆਰਪੁਰ —ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ' ਭਾਈ ਫੋਜਿੰਦਰ ਸਿੰਘ, ਪ੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ —ਪਿੰਡ ਰੋਹੀੜਾ (ਕਪ ਘਲੂਘਾਰਾ), ਭਾਈ ਦਰਸ਼ਨ ਸਿੰਘ ਜੀ ਦਰਸ

੭. ਫਰੀਦਾਬਾਦ ਟਾਊਨ (ਹਰਿਆਣਾ) —ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)

੮. ਦਿੱਲੀ ਭਾਈ ਹਰਦਿਤ ਸਿੰਘ ਜੀ, ਏ-੩੫ ਫਤਹ ਨਗਰ

੯. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ —ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ 45787 ਘਰ 52206

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੦-ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ, ਅੰਮ੍ਰਿਤਸਰ ਤੋਂ ੧-੪-੯੧ ਨੂੰ ਪ੍ਰਕਾਸ਼ਤ ਕੀਤਾ।


www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੫ ਅਪ੍ਰੈਲ ੧੯੯੧ ਅੰਕ ੪

## ਦਸਮ ਦੁਆਰ ਦੀ ਬਿਸਮ-ਅਨੰਦ-ਖੇਡ

ਸਫਲ ਕਮਾਈਆਂ ਵਾਲੀ ਘਾਲਣਾ ਦੇ ਘਾਲਣਹਾਰੇ ਸ਼ਰਧਾਲੂ ਜਨਾਂ ਨੂੰ ਆਦਰਸ਼ਕ ਅਉਜ ਉਤੇ ਅਪੜਨ ਦੀ ਸਮੱਰਥਾ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਗੁਰੂ ਦੁਲਾਰਿਆਂ ਨੂੰ ਗੁਰ-ਨਦਰ-ਕਰੰਮੀ ਇਹ ਸਫਲਤਾ ਹੋ ਜਾਂਦੀ ਹੈ, ਓਹੀ ਦਸਮ ਦੁਆਰ ਦੀ ਬਿਸਮ-ਅਨੰਦ-ਖੇਡ ਦੇ ਖੇਡਾਰੀ ਹੋ ਕੇ ਅਨਹਦ ਸ਼ਬਦ ਦੀ ਪਰਮ ਪਤਿਆਰੀ ਤੱਤ-ਲਖਤਾ ਨੂੰ ਪ੍ਰਾਪਤ ਹੁੰਦੇ ਹਨ। ਦਸਮ ਦੁਆਰ ਦੀ ਅਨਹਦ ਮਉਜ ਨੂੰ ਮਾਨਣਹਾਰੇ ਇਸ ਮਉਜ ਨੂੰ ਮਾਣਦੇ ਹਨ, ਲਖਦੇ ਹਨ, ਪਰ ਲਖਾਉਂਦੇ ਨਹੀਂ; ਨਿਰਖਦੇ ਹਨ, ਪਰ ਨਿਰਖਾਉਂਦੇ ਹਨ। ਲਖਾਵਣ ਨਿਰਖਾਵਣ ਲਈ ਓਹਨਾਂ ਦੀ ਪ੍ਰੋਖੋਂ ਹੀ ਨਹੀਂ ਰਹਿੰਦੀ। ਓਹ ਅਜਰ ਨੂੰ ਜਰ ਕੇ ਜਣਾਉਂਦੇ ਨਹੀਂ ਅਤੇ ਅਲੱਖ ਨੂੰ ਲਖ ਕੇ ਲਖਾਉਂਦੇ ਨਹੀਂ।

ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਖੇਡ ਨੂੰ ਖਿਲਾਉਣ ਬਣਾਉਣਹਾਰੇ ਬਾਜ਼ਾਰੀਆਂ ਪਰਪੰਚ-ਮਤਾਰੀਆਂ ਨੇ ਇਹ ਆਪਣਾ ਸ਼ੇਵਾ ਹੀ ਬਣਾ ਛਡਿਆ ਹੋਇਆ ਹੈ ਕਿ ਮਨ-ਮਤਸਰੀ ਹੋ ਕੇ ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਪਹੁੰਚ ਦੀਆਂ ਡੀਂਗਾਂ ਮਾਰਨ ਲਗ ਪੈਂਦੇ ਹਨ। ਅੰਦਰ ਉਨ੍ਹਾਂ ਦੇ ਕੱਖ ਨਹੀਂ ਹੁੰਦਾ, ਫੋਕੀਆਂ ਟਾਹਰਾਂ ਮਾਰ ਕੇ ਲੋਕਾਂ ਨੂੰ ਫੁਸਲਾਉਂਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਵਿਚੋਂ



www.AKJ.Org

# ਖ਼ਾਲਸਾ ਜੀ ਦਾ ਗੁਰਮਤਿ ਆਦਰਸ਼

ਨੋਟ—ਦੇਸ਼ ਦੀ ਵੰਡ ਹੋਣ ਪਿਛੋਂ ਪਾਕਿਸਤਾਨੀ ਜਰਵਾਣਿਆਂ ਨੇ ਬੜੇ ਜ਼ੁਲਮ ਢਾਹੇ। ਉਨ੍ਹਾਂ ਨੂੰ ਸੋਧਣ ਪ੍ਰਬੋਧਣ ਲਈ ਖ਼ਾਲਸਾ ਪੰਥ ਨੇ "ਸ਼ਹੀਦੀ ਦਲ" ਕਾਇਮ ਕੀਤਾ। ਲੁਧਿਆਣੇ ਜ਼ਿਲੇ ਦੇ ਪ੍ਰਧਾਨ ਭਾਈ ਰਣਧੀਰ ਸਿੰਘ ਜੀ ਥਾਪੇ ਗਏ। ਓਦੋਂ ਭਾਈ ਸਾਹਿਬ ਨੇ ਖ਼ਾਲਸਾ ਜੀ ਨੂੰ ਇਕ ਸੰਦੇਸ਼ ਦਿਤਾ। ਓਸ ਛਪੇ ਟ੍ਰੈਕਟ ਵਿਚੋਂ ਕੁਝ ਹਿੱਸਾ ਹੇਠਾਂ ਦਿੱਤਾ ਜਾ ਰਿਹਾ ਹੈ। —ਸੰਪਾਦਕ

੧ ਓ ਵਾਹਿਗੁਰੂ ਜੀ ਕੀ ਫਤਹ ॥

**ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥**

ਦੁਸ਼ਟ ਦਮਨੇਸ਼ ਸ੍ਰੀ ਗੁਰੂ ਦਸਮੇਸ਼ ਜੀ ਦਾ ਧਰਮ ਧੁਰੰਦਰੀ ਉਦੇਸ਼ ਸਚ ਉਪਕਾਰ ਆਦਰਸ਼ੀ ਉਪਦੇਸ਼ ਇਹ ਹੈ ਜੋ ਉਪਰ ਅੰਕਤ ਦੁਪੰਗਤੀ ਵਿਚ ਖ਼ਾਲਸਾ ਪੰਥ ਪ੍ਰਤੀ ਪ੍ਰਤਿਪਾਦਨ ਹੋਇਆ ਹੈ, ਉਸ ਸ੍ਰੀ ਕਲਗੇਸ਼ ਪਿਤਾ ਜੀ ਵਲੋਂ, ਜਿਨ੍ਹਾਂ ਦਾ ਮੁਖ ਪਰਯੋਜਨ ਜਗ ਜਨਮ-ਯਾਤ੍ਰਾ ਦਾ ਕੇਵਲ ਇਹ ਸੀ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

[ਬਚਿਤ੍ਰ ਨਾਟਕ, ਅਧਿ: ੬]

ਇਸ ਉਪਰਲੇ ਆਦਰਸ਼ ਨੂੰ ਹੀ ਅਮਲੀ ਜਾਮਾ ਪਹਿਨਾਉਣ ਲਈ ਅਜ਼ਲੀ ਅਬਦੀ ਇਰਫ਼ਾਨ ਦੇ ਸਿਆਸਤਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸੱਚੇ ਪਾਤਸ਼ਾਹ ਨੇ ਅਕਾਲੀ ਪੰਥ ਖਾਲਸਾ ਸਾਜਿਆ। ਸਾਜ ਕੇ ਅਧਿਆਤਮਕ ਸੂਰਬੀਰਤਾ ਵਿਚ ਨਿਪੁੰਨ ਕੀਤਾ। ਪ੍ਰਮਾਰਥਕ ਕਲਾ ਜਲਾਲਨੀ ਜਾਗਤ ਜੋਤਿ ਜਗਾ ਕੇ, ਨਿਖਾਲਸ (ਨਿਰੋਲ ਖਾਲਸ) ਖਾਲਸਾ ਜੀ ਨੂੰ ਧਰਮ ਹੇਤ, ਪਰਉਪਕਾਰ ਹੇਤ ਮਰ ਮਿਟਣ ਵਾਲੇ ਅਤੇ ਧਰਮ-ਯੁਧ ਵਿਚ ਜ਼ਾਲਮਾਂ ਅਧਰਮੀਆਂ ਨੂੰ ਸੋਧ ਸਾਧ ਕੇ ਮਲੀਆਮੇਟ ਕਰਨਹਾਰੇ ਨਿਰਭੈ ਜੋਧਿਆਂ ਦੀ ਸੱਚੀ ਸਪਿਰਿਟ ਬਖ਼ਸ਼ੀ। ਇਸ ਸਪਿਰਿਟ ਸੇਤੀ ਸਰਸ਼ਾਰ ਹੋਏ ਖਾਲਸਾ ਜੀ ਦੀਆਂ ਅਕਾਲੀ ਫੌਜਾਂ ਨੇ ਉਹ ਕਾਰਨਾਮੇ ਕਰ ਕੇ ਦਿਖਾਏ ਹਨ ਕਿ ਦੁਨੀਆ ਦੰਗ ਰਹਿ ਗਈ ਹੈ। ਇਸ ਸਪਿਰਿਟ ਨਾਲ ਸੰਧੂਰਤ ਹੋਏ ਖਾਲਸਾ ਜੀ ਨੂੰ ਸਿਵਾਏ ਗੁਰੂ ਅਕਾਲ ਪੁਰਖ ਦੇ ਹੋਰ ਕਿਸੇ ਦੀ ਓਟ ਤਕਣ ਦੀ ਕਜ਼ਬ ਖਿਆਲਨੀ ਹੀ ਨਹੀਂ ਉਪਜੀ। ਸਦਾ ਚੜ੍ਹਦੀਆਂ ਕਲਾਂ ਵਾਲਾ ਔਜ ਖਾਲਸਾ ਜੀ ਦਾ ਇਕੋ ਇਕ ਧ੍ਰੁਵਾ ਇਸ ਕਰਕੇ ਰਿਹਾ ਹੈ ਕਿ ਖਾਲਸਾ ਪੰਥ ਕਦੇ ਕਿਸੇ ਦਾ ਮੁਥਾਜ ਨਹੀਂ ਰਿਹਾ। ਬੇਪਰਵਾਹ ਹੋ ਕੇ, ਤੇਜ ਕਤਾਰੇ ਵਿਚ ਨਿਆਰਾ ਹੋ ਕੇ ਗੂੰਜਦਾ ਗਰਜਦਾ ਰਿਹਾ। ਕਪਟ ਪੰਥੀਆਂ ਦੀ ਕਨੌੜ ਵਿਚ ਕਦੇ ਨਹੀਂ ਆਇਆ। ਕਦੇ ਕਿਸੇ ਦੀ ਈਨ ਨਹੀਂ ਮੰਨੀ। ਕਦੇ ਕਿਸੇ ਦੀ ਮਸਲਤ ਮੁਸਾਹਬੀ ਦੀ ਝੇਪ ਵਿਚ ਨਹੀਂ ਆਇਆ। ਕਦੇ ਕਾਂਪ੍ਰ ਨਹੀਂ ਖਾਧੀ। ਕਦੇ ਕਾਇਰਤਾ ਵਾਲੀ ਸ਼ਾਂਤ-ਬਿਰਤ ਨਹੀਂ ਸਾਧੀ। ਦੁਨੀਆ ਵਾਲੇ ਸਰਬ ਸਿਆਸਤਦਾਨਾਂ ਤੋਂ ਸ੍ਰੇਸ਼ਟ ਅਤੇ ਉਚਾ ਮਤਾ ਖਾਲਸਾ ਜੀ ਦਾ ਰਿਹਾ ਹੈ।

"ਏਕ ਬਿਨਾ ਮਨ ਨੈਕ ਨ ਆਨੈ" ਵਾਲੀ ਟੇਕ ਨੇ ਸਦਾ ਹੀ ਖਾਲਸਾ ਜੀ ਨੂੰ ਸਰਫ਼ਰਾਜ਼ ਅਤੇ ਸਰਬੁਲੰਦ ਰਖਿਆ ਹੈ। ਗੁਰੂ ਕਾ ਖਾਲਸਾ ਅਨਮਤੀਆਂ ਦੇ ਮਿਲਗੋਭਾਪਨ ਤੋਂ ਸਦਾ ਨਿਰਲੇਪ ਰਿਹਾ ਹੈ। ਤਦੇ ਗੁਰੂ ਸਚਾ ਪਾਤਸ਼ਾਹ ਖਾਲਸਾ ਜੀ ਦਾ ਹਰਬਾਬ ਸਹਾਈ ਰਹਿਆ ਹੈ। ਗੁਰੂ ਦਸਮੇਸ਼ ਪਿਤਾ ਦੇ ਫ਼ੁਰਮਾਨ ਉਤੇ ਖਾਲਸਾ ਜੀ ਦੀ ਦ੍ਰਿੜ੍ਹ ਅਤੇ ਪੱਕੀ ਪ੍ਰਤੀਤ ਰਹੀ ਹੈ।



www.AKJ.Org

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ। ਮੈਂ ਨਾ ਕਰਉ ਇਨ ਕੀ ਪ੍ਰਤੀਤ॥

ਖਾਲਸਈ ਪ੍ਰਤੀਤ ਉਤੇ ਸਤਿਗੁਰੂ ਦੀ ਪ੍ਰਤੀਤ ਛਤਰ ਛਾਇਆ ਹੋ ਕੇ ਨਦਰ ਕਰੰਮੀ ਮੇਹਰਾਂ ਵਰਸਾਉਂਦੀ ਹੈ। ਇਹ ਬਿਪ੍ਰੀਤੀ ਬੇਪ੍ਰਤੀਤੀ ਹੋ ਬੀਤੀ ਸੋ ਬੀਤੀ। ਅਗੇ ਨੂੰ ਹੀ ਚੇਤੰਨਤਾ, ਸਾਵਧਾਨਤਾ ਰਹੇ ਤਾਂ ਭੀ ਖ਼ਾਲਸੇ ਦੇ ਪੌਂ ਬਾਰ੍ਹਾਂ ਹਨ। ਅਸੀਂ ਸਗਲੀ ਠੋਕ ਵਜਾ ਡਿਠੀ। ਕਟੀ ਕਾਂਗ੍ਰਸ ਅਤੇ ਨਵੀਂ ਬਣੀ ਗਵਰਨਮੈਂਟ ਅਸਾਡੇ ਕਿਸੇ ਕੰਮ ਨਹੀਂ ਆਉਣੀ। ਜੋ ਕੁਝ ਕਰਨਾ ਹੈ, ਸੋ ਖਾਲਸਾ ਜੀ ਨੇ ਆਪਣੇ ਬਾਹੂ-ਬਲ ਦੇ ਜ਼ੋਰ ਤੇ ਹੀ ਕਰਨਾ ਹੈ। ਅਤੇ ਗੁਰੂ ਅਕਾਲ ਪੁਰਖ ਦੇ ਆਸਰੇ ਪਰਨੇ ਹੋ ਕੇ ਹੀ ਕਰਨਾ ਹੈ। ਪਿਛਲੇ ਧੋਣੇ ਸਭ ਧੋ ਦੇਣੇ ਹਨ।

ਦੇਸ਼-ਵੰਡੀਆਂ ਦੀ ਕੂੜਾਵੀ ਲਾਲਸਾ ਤਿਆਗ ਕੇ, ਮੁਲਕਗੀਰੀ ਦੀ ਮਰਦੂਦ ਤ੍ਰਿਸ਼ਨਾ ਛਡ ਕੇ ਇਕ ਖਾਲਸਈ ਮੇਅਰਾਜ ਐਜੀ ਆਦਰਸ਼ ਨੂੰ ਮੁਖ ਰਖਣਾ ਹੈ। ਦੁਸ਼ਟ ਉਤਪਾਤੀਆਂ ਨੂੰ ਦੰਡ ਦੇਣਾ ਹੈ, ਸਗਲ ਮਲੇਛ ਜ਼ਾਲਮਾਂ ਨੂੰ ਰਣਘਾਤ ਕਰਨਾ ਹੈ, ਪੂਰਨ ਜੋਤਿ-ਜਗੰਨੇ ਸੂਰਬੀਰ ਖਾਲਸੇ ਬਣ ਕੇ, ਆਪਣੀਆਂ ਰਗਾਂ ਅੰਦਰ ਪੂਰਨ ਸੂਰਬੀਰਤਾ ਦਾ ਖ਼ੂਨ ਮੁੜ ਸੁਰਜੀਤ ਕਰ ਕੇ। ਬਸ ਇਕ ਖਾਲਸਈ ਸਪਿਰਿਟ ਅਸਾਡੇ ਅੰਦਰ ਸੁਰਜੀਤ ਹੋਵੇ, ਫੇਰ ਅਸੀਂ ਕਿਸ ਦੇ ਲੈਣ ਦੇ ਹਾਂ? ਸਾਰੀ ਏਹੜ ਤੇਹੜ ਛੱਡ ਕੇ, ਸਾਰੀਆਂ ਕਮਜ਼ੋਰੀ ਭਰੀਆਂ ਸਿਆਣਪਾਂ ਨੂੰ ਸਾੜ ਕੇ ਮੈਦਾਨੀ ਜੂਝਣ ਦਾ ਇਕੋ ਇੱਕ ਅੰਦੀਆ ਹਿਰਦੇ ਅੰਦਰ ਧਾਰ ਕੇ ਗਗਨ ਦਮਾਮਾ ਬਜਾ ਦੇਈਏ। ਇਕ-ਦੰਮ ਇਕੱਠੇ ਹੋ ਕੇ ਵਜਾ ਦੇਈਏ। ਫਤਹ ਦਾ ਸੇਹਰਾ ਅਸਾਡੇ ਤੁਸਾਡੇ ਸੀਸ ਤੇ ਝੂਲੇਗਾ। ਦਾਉ ਜੂਝਨ ਦਾ ਖੁੰਝਦਾ ਜਾਂਦਾ ਹੈ। ਬਥੇਰਾ ਖੁੰਝ ਚੁਕਿਆ। ਬਸ ਹੋਰ ਖੁੰਝਣ ਨਾ ਦੇਵੀਏ।.....

ਇਹ ਸਚ ਜਾਣੋ ਕਿ ਏਹਨਾਂ ਜਰਵਾਣਿਆਂ ਦੇ ਅਗੇ ਅੜਨ ਵਾਲਾ ਜੇ ਹੈ ਤਾਂ ਅਕਾਲੀ ਖਾਲਸਾ ਹੀ ਹੈ। ਜਦ ਕਦ ਭੀ ਮੁਕਾਬਲਾ ਕਰਨਾ ਹੈ, ਤਾਂ ਅਕਾਲੀ ਫ਼ੌਜਾਂ ਦੇ ਸ਼ਹੀਦੀ ਦਲਾਂ ਨੇ ਹੀ ਕਰਨਾ ਹੈ। ਏਹਨਾਂ ਨੇ ਹੀ ਜ਼ਾਲਮਾਂ ਅਤਿਆਚਾਰੀਆਂ ਦੇ ਬੁਥਾੜ ਭੰਨਣੇ ਹਨ। ਅਤੇ ਜ਼ੁਲਮ ਦੇ ਰਾਜ ਦਾ ਫ਼ਾਤਿਹਾ ਪੜ੍ਹਨਾ ਹੈ ਤਾਂ ਖਾਲਸਾ ਜੀ ਨੇ ਹੀ ਪੜ੍ਹਨਾ ਹੈ, ਹੋਰ ਕਿਸੇ ਤੋਂ ਕੁਝ ਨਹੀਂ ਸਰਨਾ। ਸੋ ਹੁਣ ਵੇਲਾ ਹੈ।

ਐ ਖਾਲਸਾ ਪੰਥ ਦੀ ਗੁਪਤ ਪ੍ਰਗਟ ਜ਼ਿੰਦਾ ਸ਼ਹੀਦੀ ਫ਼ੌਜੋ! ਹੁਣ ਜੂਝਣ ਦੀ ਅਉਧ ਆਇ ਨਿਧਾਨ ਬਨੀ ਹੈ। ਕਮਰਕਸੇ ਕਰ ਕੇ ਤਿਆਰ ਹੋ ਜਾਓ। ਸਨੱਧ-ਬੱਧ ਹੋ ਕੇ, ਮਲੇਛਾਂ ਨੂੰ ਰਣ ਵਿਖੇ ਦਲਣ ਮਲਣ ਲਈ ਦਲਾਂ ਦੇ ਦਲ ਇਕੱਤ੍ਰ ਹੋ ਕੇ ਹੱਲਾ ਬੋਲ ਦਿਓ ਅਤੇ ਏਹਨਾਂ ਦੁਸ਼ਟਾਂ ਉਤਪਾਤੀਆਂ ਦਾ ਸਭ ਤੋਂ ਮੂਹਰਲਾ ਮੋਰਚਾ ਜਾ ਮਲੋ। ਲਾਹੌਰ ਰਾਵੀ ਤੋਂ ਪਿਛੇ ਪਛਾੜ ਕੇ, ਏਹਨਾਂ ਨੂੰ ਧੁਰ ਏਹਨਾਂ ਦੇ ਪਾਕਿਸਤਾਨੀ ਦਰੇ ਤਾਈਂ ਦਬੱਲੀ ਚਲੋ।

ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥ [ਪੰਨਾ ੧੩੭੦]

ਗੁਰੂ ਅਕਾਲ ਦਾ ਆਸਰਾ ਲੈ ਕੇ ਰਣ ਵਿਚ ਜੁਝ ਪਵੋ। ਗੁਪਤ ਅਕਾਲੀ ਛਿਨਵੇਂ ਕਰੋੜ ਫ਼ੌਜਾਂ ਅਕਾਸ਼ ਤੋਂ ਬਰਕਤਾਂ ਦੇ ਤੀਰ ਵਰਸਾਉਣਗੀਆਂ। ਮਤ ਖ਼ਿਆਲ ਕਰੋ ਕਿ ਤੁਸਾਡੇ ਪਾਸ ਬੰਦੂਕਾਂ ਆਦਿਕ ਸ਼ਸਤਰ ਨਹੀਂ। ਮਤ ਸੋਚੋ ਕਿ ਮੁਕਾਬਲੇ ਵਾਲੇ ਗ਼ਨੀਮ ਪਾਸ ਮਸ਼ੀਨਗਨਾਂ ਤੋਪਾਂ ਤੇ ਹਵਾਈ ਜਹਾਜ਼ ਹਨ। ਸਤਿਗੁਰ ਤੁਸਾਨੂੰ ਏਹ ਸਾਰੀਆਂ ਰਹਿਮਤਾਂ ਅਰਪਣ ਕਰੇਗਾ।

ਜ਼ਰਾ ਪਿਛੇ ਝਾਤ ਮਾਰ ਕੇ ਆਪਣਾ ਖਾਲਸਈ ਇਤਿਹਾਸ ਨਿਹਾਰੋ, ਜਦੋਂ ਸ੍ਰੀ ਗੁਰੂ ਦਸਮੇਸ਼ ਪਿਤਾ ਅਸਾਡੇ ਦੁਸ਼ਟ-ਦਮਨ ਪਾਤਸ਼ਾਹ ਨੇ ਸ੍ਰੀ ਨਦੇੜ ਤੋਂ, ਜੋ ਹੁਣ ਦੀ ਪ੍ਰਸਿਧ ਹਜ਼ੂਰ ਸਾਹਿਬ ਹੈ, ਬਾਬਾ ਬੰਦਾ ਸਿੰਘ ਜੀ ਨੂੰ ਕੇਵਲ ਪੰਜੀ ਸਿੰਘਾਂ ਦੀ ਅੜਦਲ ਵਿਚ, ਦੁਸ਼ਟਾਂ ਨੂੰ ਦਮਨ ਕਰਨ ਲਈ ਪੰਜਾਬੇ ਤੋਰਿਆ ਸੀ, ਓਦੋਂ ਉਨ੍ਹਾਂ ਪਾਸ ਕੇਹੜੀਆਂ ਤੋਪਾਂ ਤੇ ਮਸ਼ੀਨਗਨਾਂ ਸਨ? ਕੇਹੜੇ ਹਵਾਈ ਜਹਾਜ਼ ਸਨ? ਕੇਵਲ ਖਾਲਸਈ ਸਪਿਰਿਟ ਉਨ੍ਹਾਂ ਦੇ ਸੀਨੇ ਅੰਦਰ ਦਗ ਰਹੀ ਸੀ। ਇਸ ਦੇ ਸਾਹਮਣੇ ਲਖੂਖਹਾ ਦੁਸ਼ਟ ਤੁਰਕਾਂ ਦੀਆਂ ਫ਼ੌਜਾਂ ਛੈ ਤੇ ਖੈ ਹੋ ਗਈਆਂ। ਉਨ੍ਹਾਂ ਦੀਆਂ ਸਾਰੀਆਂ ਤੜੀਆਂ ਤੋਪਾਂ ਖਾਲਸਾ ਜੀ ਨੇ ਖੋਹ ਲਈਆਂ। ਨਤੀਜਾ ਕੀ ਹੋਇਆ ਕਿ


www.AKJ.Org

ਤੁਰਕਾਂ ਦਾ ਛੇ ਸੌ ਸਦੀ ਦਾ ਜੰਮਿਆ ਥੰਮਿਆ ਹੋਇਆ ਰਾਜ ਉਖਾੜ ਕੇ ਫ਼ਨਾਹ ਫ਼ਿਲਾਹ ਕਰ ਦਿਤਾ। ਤੁਸੀਂ ਉਨ੍ਹਾਂ ਹੀ ਬੀਰਾਂ ਜੋਧਿਆਂ ਦੀ ਸੰਤਾਨ ਹੋ। ਓਹੋ ਖ਼ੂਨ ਤੁਸਾਡੀਆਂ ਰਗਾਂ ਵਿਚ ਲਹਿਰੇ ਮਾਰ ਰਿਹਾ ਹੈ। ਓਹੋ ਹੀ ਖੰਡੇ ਦਾ ਅੰਮ੍ਰਿਤ ਤੁਸੀਂ ਪਾਨ ਕੀਤਾ ਹੋਇਆ ਹੈ। ਕਸਰ ਹੈ ਤਾਂ ਹੰਭਲਾ ਮਾਰਨ ਦੀ ਹੈ। ਇਹ ਜੋ ਕੁਝ ਜ਼ੁਲਮ ਤੇ ਜਬਰ ਜਰਵਾਣਿਆਂ ਵਲੋਂ ਹੋਇਆ ਹੈ, ਤੁਸਾਡੀ ਸੁਤੀ ਕਲਾ ਨੂੰ ਜਗਾਵਣ ਲਈ ਹੀ ਹੋਇਆ ਹੈ। ਜੋ ਕੁਛ ਪਾਪ ਅਤਿਆਚਾਰ ਅਤਿਆਚਾਰੀਆਂ ਨੇ ਕੀਤੇ ਹਨ, ਏਹੀ ਇਨ੍ਹਾਂ ਦੀ ਜੜ੍ਹ ਪੁਟਣ ਲਈ ਅਤੇ ਪਾਪ-ਰਾਜ ਖ਼ਤਮ ਕਰਨ ਦੇ ਪੇਸ਼ਖ਼ੇਮੇ ਹਨ। ਤੁਸੀਂ ਧਰਮ ਵਿਥਾਰਨਾ ਹੈ, ਦੁਸ਼ਟ ਦੋਖੀਅਨ ਦਾ ਮੂਲ ਉਪਾਰਨਾ ਹੈ। ਜੈ ਬਿਜੈ ਤੁਸਾਡੀ ਹੈ। ਫਤਹ ਦਾ ਸੇਹਰਾ ਤੁਸਾਡੇ ਮਸਤਕ ਨੀਸ਼ਾਨ ਹੈ।

ਇਹ ਰੜੇ ਰਾਜ ਤਾਂ ਤੁਸਾਡੇ ਪਿਛੇ ਲਗੇ ਫਿਰਨਗੇ। **ਰਾਜ ਤ੍ਰਿਸ਼ਨਾ ਦਾ ਤੁਸਾਨੂੰ ਫੁਰਨਾ ਹੀ ਨਹੀਂ ਫੁਰਨਾ ਚਾਹੀਦਾ।** ਜਿਨ੍ਹਾਂ ਨੂੰ ਰਾਜ ਭਾਗ ਸਾਂਭਣ ਦੇ ਚਸਕੇ ਹਨ, ਉਹ ਭੀ ਤੁਸਾਡੀ ਕੌਮ ਵਿਚ ਬਥੇਰੇ ਹਨ। ਜਿਨ੍ਹਾਂ ਸਿੱਖ ਰਿਆਸਤਾਂ ਦੀਆਂ ਰਾਜ-ਗੱਦੀਆਂ ਮੁਢੋਂ ਚਲਦੀਆਂ ਆਂਵਦੀਆਂ ਹਨ, ਉਹਨਾਂ ਨੂੰ ਗੁਰੂ ਸਾਹਿਬਾਨ ਵਲੋਂ ਰਾਜ ਕਰਨ ਦੇ ਵਰ ਮਿਲੇ ਹੋਏ ਹਨ। ਉਹ ਜੇ ਹੁਣ ਪੰਥ ਦੇ ਨਾਲ ਹੋਣਗੇ ਤਾਂ ਪੰਥ ਨੇ ਇਨ੍ਹਾਂ ਨੂੰ ਹੀ ਰਾਜ ਨਾਲ ਰਜਾ ਦੇਣਾ ਹੈ। ਨਹੀਂ ਤਾਂ ਇਨ੍ਹਾਂ ਦਾ ਪਿਛਲਾ ਰਾਜ ਭੀ ਖੁਸ ਜਾਏਗਾ। ਹੁਣ ਜੇ ਖਾਲਸਾ ਪੰਥ ਦੀ ਮਦਦ ਨਹੀਂ ਕਰਨਗੇ ਤਾਂ ਪਏ ਬਿਤਰ ਬਿਤਰ ਝਾਕਣਗੇ। ਅੰਜਾਮ ਇਹ ਹੋਵੇਗਾ "ਤਪੋਂ ਰਾਜ, ਰਾਜੋਂ ਨਰਕ।"

ਅੰਤ ਵਿਚ ਇਕ ਗੱਲ ਗਹਿ ਕਰਕੇ ਜ਼ਿਹਨ-ਨਸ਼ੀਨ ਕਰਨ ਲਈ ਖਾਲਸਾ ਜੀ ਅਗੇ ਤਾਗੀਦੀ ਬੇਨਤੀ ਹੈ ਕਿ ਜ਼ੁਲਮ ਦੇ ਰਾਜ ਨੂੰ ਨਸ਼ਟ ਕਰਨ ਦੇ ਹੀਲੇ ਉਪਰਾਲੇ ਪ੍ਰੀਸ਼ਰਮ ਕਰਦਿਆਂ ਕੋਈ ਐਸੀ ਹਰਕਤ ਨਾ ਹੋ ਜਾਵੇ ਜੋ ਧਰਮ-ਨਿਆਉਂ ਵਾਲੀ ਸੱਚੀ ਸੂਰਮਤਾ ਨੂੰ ਧੱਬਾ ਲਾਉਣ ਵਾਲੀ ਹੋਵੇ। ਜ਼ਾਲਮਾਂ ਦੀ ਜ਼ੁਲਮ-ਗਰਦੀ ਦੀ ਅਸੀਂ ਨਕਲ ਨਹੀਂ ਕਰਨੀ। ਅਤਿਆਚਾਰੀਆਂ ਦੇ ਕੀਤੇ ਅਤਿਆਚਾਰ ਦੀ ਰੀਸ ਘੜੀਸ ਵਿਚ ਪੈ ਕੇ ਅਸੀਂ ਉਹ ਫ਼ੇਅਲ ਨਹੀਂ ਕਰਨੇ, ਜਿਨ੍ਹਾਂ ਦੇ ਕਰਨ ਕਰਕੇ ਅਸੀਂ ਉਹਨਾਂ ਨੂੰ ਕੋਸਦੇ ਹਾਂ। **ਅਬਲਾ ਇਸਤ੍ਰੀਆਂ ਅਤੇ ਬੱਚਿਆਂ ਤੇ ਅਸੀਂ ਹੱਥ ਨਹੀਂ ਉਠਾਣੇ। ਨਿਹੱਥਿਆਂ, ਗਰੀਬਾਂ, ਬੇਕਸੂਰਿਆਂ, ਮਾਸੂਮਾਂ ਦਾ ਕਤਲ ਕੋਈ ਬਹਾਦਰੀ ਨਹੀਂ। ਉੱਕਾ ਹੀ ਗੁਰਮਤਿ ਆਦਰਸ਼ ਦੇ ਉਲਟ ਹੈ।** ਬੱਸ ਗੁਰਮਤਿ ਆਦਰਸ਼ ਜੋ ਹੈ, ਸੋ ਏਸੇ ਦੋਤੁਕੀ ਵਾਲੇ ਸ੍ਰੀ ਗੁਰੂ ਦਸਮੇਸ਼ ਮਹਾਂ ਵਾਕ ਵਿਚ ਪਰੀਪੂਰਨ ਹੈ :–

"ਦੁਸ਼ਟ ਜਿਤੇ ਉਠਵਤ ਉਤਪਾਤਾ। ਸਕਲ ਮਲ਼ੇਛ ਕਰੋ ਰਣਘਾਤਾ।"

ਦੁਸ਼ਟਾਂ ਮਲ਼ੇਛਾਂ ਉਤਪਾਤੀਆਂ ਓਪਦਰੱਵੀਆਂ ਨੂੰ ਤਲਵਾਰ ਦੀ ਘਾਟ ਉਤਾਰਨਾ ਐਨ ਸਵਾਬ ਹੈ।

ਰਣਧੀਰ ਸਿੰਘ
ਪ੍ਰਧਾਨ, ਸ਼ਹੀਦੀ ਦੱਲ ਜ਼ਿਲਾ ਲੁਧਿਆਣਾ।

---

(ਸਫਾ ੫੦ ਦੀ ਬਾਕੀ)

ਤੋਂ ਰਹਿਤ ਹੈ। ਸਭ ਦਾ ਸਾਂਝਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਸਾਨੂੰ ਆਨੰਦਪੁਰ ਦਾ ਵਾਸੀ ਬਣਾਉਂਦੇ ਹਨ। ਇਸ ਆਤਮਕ ਸੰਬੰਧ ਵਿਚ ਸੰਸਾਰਕ ਰਿਸ਼ਤਿਆਂ ਦੀ ਖ਼ੁਦਗਰਜ਼ੀ, ਲੋਭ ਤੇ ਕੂਕਰੀ ਆਸਾ ਦਾ ਅੰਸ਼ ਮਾਤਰ ਵੀ ਲੇਸ ਨਹੀਂ, ਬਲਕਿ ਸਤਿਗੁਰੂ ਦੀ ਪ੍ਰਸੰਨਤਾ ਖ਼ਾਤਰ ਜੀਵਨ-ਮਰਨ ਦੀ ਤਮੰਨਾ ਹੈ।

ਗੁਰ ਇਤਿਹਾਸ ਦਾ ਰੰਗਿਆ ਹਰ ਇੱਕ ਪੰਨਾ ਅੰਮ੍ਰਿਤਧਾਰੀ ਮਰਜੀਵੜਿਆਂ ਦੀਆਂ ਮਹਾਨ ਕਰਨੀਆਂ ਦੀ ਉਗਾਹੀ ਭਰਦਾ ਹੈ ਕਿ ਅਜ਼ਮਾਇਸ਼ ਵੇਲੇ ਬੰਦ ਬੰਦ ਕਟਵਾਉਣਾ ਤਾਂ ਸਵੀਕਾਰ ਹੈ, ਪਰ ਗੁਰਸਿੱਖੀ ਦੇ ਟੁਕੜੇ ਕਰਵਾਉਣਾ ਮਨਜ਼ੂਰ ਨਹੀਂ; ਸਿਰ ਦੀ ਖੋਪਰੀ ਲੁਹਾਉਣੀ ਪਰਵਾਨ ਹੈ, ਪਰ ਕੇਸ ਕਟਵਾਉਣੇ ਪਰਵਾਨ ਨਹੀਂ। ਇਸ ਉੱਚੀ ਅਵਸਥਾ ਦਾ ਰਾਜ਼ ਕੇਵਲ ਪ੍ਰੀਤਿ ਦੀ ਪੀਡੀ ਗੰਢ ਹੈ; ਜਿਸ ਨੂੰ ਪੱਕਿਆਂ ਰੱਖਣ ਲਈ ਗੁਰਸਿੱਖ ਜੋਦੜੀ ਕਰਦਾ ਹੈ :–

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਾਟੈ ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥੨॥

(ਧਨਾਸਰੀ ਰਵਿਦਾਸ ਜੀ–੬੯੪)

www.AKJ.Org

# ਅੰਮ੍ਰਿਤ ਦਾ ਮੁੱਲ

[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿੱਲੀ]

ਪੁਰਾਤਨ ਕਾਲ ਤੋਂ ਹੀ ਅੰਮ੍ਰਿਤ ਐਸਾ ਵਿਸ਼ੇਸ਼ ਜਲ ਸਮਝਿਆ ਜਾਂਦਾ ਰਿਹਾ ਹੈ ਜਿਸ ਦੇ ਸੇਵਨ ਦੁਆਰਾ ਪ੍ਰਾਣੀ ਦੀ ਮੌਤ ਨਹੀਂ ਹੁੰਦੀ ਤੇ ਉਹ ਸਦਾ ਅਮਰ ਰਹਿੰਦਾ ਹੈ। ਇਸ ਅੰਮ੍ਰਿਤ ਦੀ ਖੋਜ ਵਿਚ ਮੁਤਲਾਸ਼ੀਆਂ ਨੇ ਥਾਂ ਥਾਂ ਭ੍ਰਮਣ ਕਰਦਿਆਂ ਆਪਣੀ ਆਯੂ ਲੇਖੇ ਲਾਈ, ਪਰ ਅੱਜ ਤੱਕ ਕੋਈ ਵੀ, ਹੋਣੀ ਦੇ ਤਕੜੇ ਪੰਜਿਆਂ ਤੋਂ ਬਚ ਨਹੀਂ ਸਕਿਆ। ਕਾਲ ਚੱਕਰ ਵਿਚ ਜਨਮ-ਜਰਾ-ਮੌਤ ਦਾ ਕੁਦਰਤੀ ਨਿਯਮ ਅਟੱਲ ਤੇ ਅਭੰਗ ਹੈ, ਜਿਸ ਨੂੰ ਰਾਵਣ ਵਰਗਾ ਬਲੀ ਰਾਜਾ, ਜਾਂ ਹਰਣਾਖਸ਼ ਵਰਗਾ ਹੰਕਾਰੀ ਪਿਤਾ, ਵਰ ਪ੍ਰਾਪਤ ਕਰਨ ਦੇ ਬਾਵਜੂਦ ਵੀ ਤੋੜਨ ਵਿਚ ਸਫਲ ਨਹੀਂ ਹੋ ਸਕਿਆ।

ਕਰਤਾਰ ਦੀ ਕ੍ਰਿਤ ਹੋਣ ਕਰਕੇ ਸੰਸਾਰ ਵਿਚ ਹਰੇਕ ਉਪਜਦਾ ਬਿਨਾਸ਼ ਹੈ, ਹਰੇਕ ਆਦਿ ਦਾ ਅੰਤ ਹੈ। ਇਹ ਪ੍ਰਾਕ੍ਰਿਤਕ ਨਿਯਮ ਆਪਣੇ ਮੂਲ ਰੂਪ ਵਿਚ ਹੀ ਪੰਜਾਂ ਤੱਤਾਂ ਦੇ ਬਣੇ ਇਨਸਾਨੀ ਸਰੀਰ ਤੇ ਇੰਨ ਬਿੰਨ ਲਾਗੂ ਹੁੰਦਾ ਹੈ।

ਗੁਰਮਤਿ ਵਿਚ ਅੰਮ੍ਰਿਤ ਦਾ ਸੰਕਲਪ ਇਸ ਤੋਂ ਵੱਖਰਾ ਤੇ ਸਪੱਸ਼ਟ ਰੂਪ ਵਿਚ ਮੂਰਤੀਮਾਨ ਹੋਇਆ ਹੈ। ਇਹ ਹਰਿ-ਨਾਮ ਪਦਾਰਥ ਹੈ, ਜਿਸ ਦੀ ਪ੍ਰਾਪਤੀ ਦਾ ਸਾਧਨ, ਗੁਰਮਤਿ ਨਾਮ ਦੀ ਦਾਤਿ ਤੇ ਗੁਰੂ ਦੀ ਕਿਰਪਾ ਹੈ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ, ਅੰਮ੍ਰਿਤੁ ਗੁਰਮਤਿ ਪਾਏ ਰਾਮ ॥੧॥੨॥

[ਬਿਹਾਗੜਾ ਮਹਲਾ ੪, ਪੰਨਾ ੫੩੮

ਅਤੇ–ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥
ਹਰਿ ਹਰਿ ਨਾਮੁ ਪਵਿਤੁ ਹੈ, ਹਰਿ ਜਪਤ ਸੁਨਤ ਦੁਖੁ ਜਾਇ ॥੧॥੯॥

(ਸਲੋਕ ਮ: ੪, ਕਾਨੜੇ ਕੀ ਵਾਰ–੧੩੧੬)

ਕਰਤੇ ਦੀ ਪੂਜਾ ਵਿਸਾਰ ਕੇ, ਕੀਤੇ ਹੋਏ ਦੀ ਪੂਜਾ ਵਿਚ ਵਿਸ਼ਵਾਸ ਰਖਾਉਣ ਵਾਲੇ ਪਖੰਡੀ ਗੁਰੂਆਂ ਦੀਆਂ ਦੁਕਾਨਾਂ ਤੋਂ ਕਰਾਮਾਤੀ ਸ਼ਕਤੀਆਂ, ਸੰਸਾਰਕ ਲੋੜਾਂ ਦੀ ਪ੍ਰਾਪਤੀ ਤਾਂ ਸੰਭਵ ਹੈ, ਪਰ ਪਰਮਾਤਮਾ ਦਾ ਪਰਤੱਖ ਦਰਸ਼ਨ ਕਰਾਉਣ ਦਾ ਢੰਡੋਰਾ ਬਿਲਕੁਲ ਬੇਤੁਕਾ ਤੇ ਬੇ-ਬੁਨਿਆਦ ਹੈ। ਇਕ ਵਾਰ ਮਰਦਾਨੇ ਨੇ ਸਤਿਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ, "ਮਹਾਰਾਜ, ਹਜ਼ਾਰਾਂ ਲੋਕ ਅਕਾਲ ਪੁਰਖ ਨੂੰ ਤੱਕਣ ਦਾ ਦਾਅਵਾ ਕਰਦੇ ਹਨ, ਇਸ ਵਿਚ ਕਿੰਨੀ ਕੁ ਸਚਾਈ ਹੈ ?" ਹਜ਼ੂਰ ਨੇ ਫੁਰਮਾਇਆ, "ਮਰਦਾਨਿਆ, ਇਹ ਸਭ ਗੱਪਾਂ ਮਾਰਦੇ ਹਨ, ਵਾਸਤਵ ਵਿਚ ਇਹ ਉਨ੍ਹਾਂ ਨੂੰ ਤੱਕਦੇ ਹਨ, ਜਿਨ੍ਹਾਂ ਨੇ ਪਰਮਾਤਮਾ ਦਾ ਦਰਸ਼ਨ ਕੀਤਾ ਹੈ; ਅਕਾਲ ਪੁਰਖ ਦਾ ਦਰਸ਼ਨ ਕਰਨ ਵਾਲੇ ਵਿਰਲੇ ਹਨ।"

ਅੰਮ੍ਰਿਤ ਨਾਮ ਦਾ ਅਟੁੱਟ ਖ਼ਜ਼ਾਨਾ, ਨਿਰਾਕਾਰ ਪਰਮਾਤਮਾ ਨਾਲ ਅਭੇਦ–ਸੱਚੇ ਸਤਿਗੁਰ ਪਾਸ ਹੈ, ਜਿਹੜਾ ਨਾਮ ਦੀ ਬਖਸ਼ਸ਼ ਕਰਕੇ, ਦ੍ਰਿੜ੍ਹਾ ਕੇ, ਹਿਰਦੇ ਵਿਚ ਵਸਾ ਕੇ ਅਗੰਮੀ ਕਲਾ ਵਰਤਾਉਣ ਦੇ ਸਮਰੱਥ ਹੈ। ਏਨੀ ਸਮਰੱਥਾ ਹੈ ਕਿ ਉਹ ਨਾਮ-ਰਸ ਭੁੰਚਣ ਦਾ ਚਾਅ ਉਤਪੰਨ ਵੀ ਕਰਦਾ ਹੈ ਤੇ ਚਾਅ ਪੂਰਾ ਵੀ ਕਰਦਾ ਹੈ। ਮਿਹਰਵਾਨ ਪਿਤਾ ਨੇ ਗੁਰਸਿੱਖਾਂ ਨੂੰ ਪਲ-ਪਲ ਖਿਨ-ਖਿਨ ਇਸੇ 'ਹਰਿ ਅੰਮ੍ਰਿਤ ਨਾਮ ਸੱਚਾ ਭੋਜਨ' ਭੁੰਚਣ ਦਾ ਉਪਦੇਸ਼ ਬਾਰ ਬਾਰ ਦਿੱਤਾ ਹੈ :–

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥੧੧॥

(ਸੋਰਠਿ ਮਹਲਾ ੫, ਪੰਨਾ ੬੧੧)

ਗੁਰਉਪਦੇਸ਼ ਦੀ ਤਨੋਂ ਮਨੋਂ ਕਮਾਈ ਕਰਨਹਾਰਿਆਂ ਦਾ ਨਿੱਜੀ ਤਜਰਬਾ ਤੇ ਜੀਵਨ, ਚਾਨਣ-ਮੁਨਾਰੇ ਵਾਂਗਰ,



www.AKJ.Org

ਇਹ ਤੱਤ ਪੇਸ਼ ਕਰਦਾ ਹੈ ਕਿ ਤਿੰਨੇ ਤਾਪ, ਮੌਤ ਤੇ ਬੁਢਾਪਾ ਬਿਲਕੁਲ ਨਹੀਂ ਪੋਹ ਸਕਦੇ। ਸ੍ਰੀ ਗੁਰੂ ਅਮਰਦਾਸ ਜੀ, ਭਾਈ ਬੁੱਢਾ ਜੀ, ਭਗਤ ਕਬੀਰ ਜੀ ਨੇ ਬੁਢਾਪੇ ਦੇ ਰੋਗ ਨੂੰ ਆਪਣੇ ਨਿਕਟ ਫਟਕਣ ਨਹੀਂ ਦਿੱਤਾ ਤੇ ਸਿਮਰਨ ਦੁਆਰਾ ਆਪਣੀ ਉੱਚੀ ਸੁਰਤਿ, ਨਿਰਮਲ ਬੁੱਧੀ, ਸਵੱਛ ਮਤਿ ਤੇ ਚੜ੍ਹਦੀ ਕਲਾ ਦੀ ਮਾਨਸਕ ਅਵਸਥਾ ਨੂੰ ਕਾਇਮ ਰੱਖ ਕੇ ਦੀਰਘ ਆਯੂ ਦਾ ਅਨੰਦ ਮਾਣਦੇ ਰਹੇ।

"ਪੀ ਅੰਮ੍ਰਿਤ ਆਘਾਨਿਆ ਗੁਰਿ ਅਮਰੁ ਕਰਾਇਆ"* ਦੇ ਮੁਖਵਾਕ ਅਨੁਸਾਰ, ਪੂਰਨ ਤ੍ਰਿਪਤੀ ਹੋਣ ਕਰਕੇ ਆਨ ਰਸਾਂ ਦੀ ਝਾਕ ਕਤਈ ਖ਼ਤਮ ਹੋ ਜਾਂਦੀ ਹੈ। ਅੰਮ੍ਰਿਤ ਜਲ, ਔਖਧੀ ਦੇ ਰੂਪ ਵਿਚ ਸਰਬ ਰੋਗਾਂ ਨੂੰ ਖੰਡ-ਖੰਡ ਕਰਦਾ, ਜਨਮ ਜਨਮ ਦੀ ਮੈਲ ਉਤਾਰਦਾ ਤੇ ਮੌਤ ਰਹਿਤ ਅਟੱਲ ਅਮਰਾਪਦ ਪਦਵੀ ਪਰਦਾਨ ਕਰਦਾ ਹੈ। ਇਹ ਅੰਮ੍ਰਿਤ ਲਾਸਾਨੀ, ਅਤੁੱਲ ਤੇ ਸਦ-ਜੀਵਨ ਹੈ। ਐਸਾ ਅੰਮ੍ਰਿਤ ਇਕੋ ਹੀ ਹੈ, ਹੋਰ ਦੂਜਾ ਅੰਮ੍ਰਿਤ ਹੋ ਹੀ ਨਹੀਂ ਸਕਦਾ। ਇਹ ਗੁਰਬਾਣੀ ਦਾ ਨਿਰਣ ਹੈ।

ਇਸ ਵਿਗਿਆਨਕ ਯੁੱਗ ਵਿਚ, ਆਤਮਕ ਖੇਤਰ ਬੰਜਰ ਦਾ ਬੰਜਰ ਪਿਆ ਹੈ। ਈਰਖਾ, ਸਹਿਮ ਤੇ ਡਰ ਦੀਆਂ ਝਾੜੀਆਂ ਆਪਣੇ ਆਪ ਉੱਗ ਰਹੀਆਂ ਹਨ। ਸਾਰਾ ਵਿਸ਼ਵ, ਇੱਕ ਨਿਰਭਉ ਨੂੰ ਭੁੱਲ ਕੇ ਅਨਿਕ ਭਾਂਤ ਦੇ ਡਰ ਵਿਚ ਤ੍ਰਾਸਿਆ ਕੁਰਲਾ ਰਿਹਾ ਹੈ। ਆਸ਼ਾਵਾਂ, ਤੌਖਲੇ, ਲੋਭ ਤੇ ਲਗਾਉ ਸਾਨੂੰ ਸਹਿਸਿਆਂ ਦੇ ਧੁਖਦੇ ਅੰਗਿਆਰਾਂ ਤੋਂ ਉੱਪਰ ਉੱਠਣ ਨਹੀਂ ਦਿੰਦੇ। ਡਰ ਦਾ ਮਾਰਿਆ ਕਾਇਰ, ਗੀਦੀ, ਬਿਨ ਆਈ ਸੌ ਸੌ ਵਾਰ ਪਿਆ ਮਰਦਾ ਹੈ। ਪਰ ਸਾਰੇ ਡਰ-ਡਰਾਵੇ, ਮੌਤ ਦੇ ਡਰ ਤੋਂ ਬਹੁਤ ਹੇਠਾਂ ਹਨ। ਇਸ ਖੌਫ਼ਨਾਕ ਡਰ ਤੋਂ ਘਬਰਾ ਕੇ ਬੁਜ਼ਦਿਲ ਸ਼੍ਰੇਣੀਆਂ ਨੇ ਕੇਵਲ ਸਰੀਰ ਨੂੰ ਸਲਾਮਤ ਰੱਖਣ ਲਈ ਜ਼ਿੱਲਤਾਂ ਸਹਾਰੀਆਂ, ਇੱਜ਼ਤਾਂ ਗਵਾਈਆਂ, ਜ਼ਮੀਰਾਂ ਵੇਚੀਆਂ ਤੇ ਗ਼ੁਲਾਮੀ ਦੇ ਸੰਗਲ ਆਪਣੇ ਗਲਾਂ ਵਿਚ ਪੁਆਏ। ਭਾਰਤੀਆਂ ਦੀ ਇਸ ਹੱਦ ਤੱਕ ਪਤਿਤ ਹੋਈ ਜ਼ਹਿਨੀਅਤ ਨੂੰ ਤੱਕ ਕੇ ਅਣਖੀ ਤੇ ਸ਼ੇਰ-ਦਿਲ ਸਤਿਗੁਰੂ ਨਾਨਕ ਦੇਵ ਜੀ ਨੇ ਦਲੇਰਾਨਾ ਆਵਾਜ਼ ਬੁਲੰਦ ਕਰ ਕੇ ਹੋਕਾ ਦਿੱਤਾ ਕਿ ਇਸ ਮੌਤ ਨੂੰ ਮਾਰਨ ਵਾਲਾ, ਇਸ ਡਰ ਨੂੰ ਡਰਾਉਣ ਵਾਲਾ ਵੀ ਇਕ ਅਨਮੋਲ ਪਦਾਰਥ ਹੈ। ਆਤਮ-ਸਮਰਪਨ ਤੇ ਆਪਾ ਵਾਰਨਾ ਪਹਿਲੀ ਸ਼ਰਤ ਹੈ। ਉਸ ਦਾ ਪਾਵਨ ਨਾਮ **ਅੰਮ੍ਰਿਤ** ਹੈ।

ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ...॥੧॥੩॥ (ਪੰਨਾ ੧੦੧੦)

ਹਜ਼ੂਰ ਦਾ ਉੱਪਰਲਾ ਫੁਰਮਾਨ, ਅੰਮ੍ਰਿਤ ਦੇ ਕਈ ਪੱਖਾਂ ਨੂੰ ਦ੍ਰਿਸ਼ਟਾਉਂਦਾ ਹੈ। ਗਹੁ ਨਾਲ ਵਿਚਾਰੀਏ ਤਾਂ ਇਸ ਵਿਚ ਅੰਮ੍ਰਿਤ ਦੀ ਪ੍ਰੀਭਾਸ਼ਾ, ਅੰਮ੍ਰਿਤ ਦਾ ਮੁੱਲ, ਅੰਮ੍ਰਿਤ ਦੇ ਦੈਵੀ ਗੁਣ ਦਾ ਚਿਤ੍ਰ, ਸਾਡੀ ਬੁੱਧੀ ਤੋਂ ਪਾਰ ਅਗਮ ਰਮਜ਼ਾਂ ਸਹਿਤ, ਉੱਕਰਿਆ ਹੋਇਆ ਹੈ।

ਅਸੀਂ ਅਜੇ ਭੀ ਅਭਾਗੇ ਹਾਂ, ਜਿਨ੍ਹਾਂ ਨੇ ਅੰਮ੍ਰਿਤ ਦੀ ਸ੍ਰੇਸ਼ਟਤਾ ਨੂੰ ਤਨੋਂ ਮਨੋਂ ਨਹੀਂ ਜਾਣਿਆ। ਪੂਰਬਲੇ ਜਨਮਾਂ ਦੇ ਅੰਕੁਰ ਪ੍ਰਗਟੇ ਤਾਂ ਸਾਨੂੰ ਸਿੱਖ ਪਰਿਵਾਰਾਂ ਵਿਚ ਜਨਮ ਲੈਣ ਦਾ ਅਵਸਰ ਪ੍ਰਾਪਤ ਹੋਇਆ, ਪਰ ਅੰਮ੍ਰਿਤ ਦੀ ਮਹੱਤਤਾ ਦੀ ਸੋਝੀ ਤੇ ਕਦਰ, ਜਿੰਨੀ ਕਰਨੀ ਚਾਹੀਦੀ ਸੀ, ਓਨੀ ਕਰ ਨਹੀਂ ਸਕੇ। ਹਜ਼ੂਰ ਫੁਰਮਾਉਂਦੇ ਹਨ :–

ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ਰਹਾਉ॥
[ਮਾਰੂ ਮਹਲਾ ੧, ਪੰਨਾ ੯੯੩]

ਵਾਹਿਗੁਰੂ ਸਾਨੂੰ ਸੁਮੱਤਿ ਬਖਸ਼ੇ ਤੇ ਇਸ ਵਡਮੁੱਲੇ ਅੰਮ੍ਰਿਤ ਦਾ ਅਧਿਕਾਰੀ ਤੇ ਵਾਪਾਰੀ ਬਣਾਵੇ, ਜਿਸ ਨੂੰ ਸੁਰ ਨਰ ਮੁਨ ਜਨ ਖੋਜਦੇ ਆਏ ਹਨ।

ਅਦ੍ਰਿਸ਼ਟ। ਜਾਂ ਦ੍ਰਿਸ਼ਟ ਸੰਸਾਰ ਅੰਦਰ ਕੋਈ ਐਸਾ ਵਾਪਾਰੀ ਨਹੀਂ, ਗੁਣਵਾਨ, ਸੋਝੀਵਾਨ ਜਾਂ ਕਦਰਦਾਨ ਨਹੀਂ, ਜਿਸ ਨੇ ਐਸੇ ਸਰਬ ਗੁਣਾਂ ਭਰਪੂਰ ਅੰਮ੍ਰਿਤ ਦਾ ਸਹੀ ਮੁੱਲ ਪਾਇਆ ਹੋਵੇ। ਪਹਿਲਾਂ ਤਾਂ ਇਸ ਅੰਮ੍ਰਿਤ-ਰਸ ਦੀ ਮਿਠਾਸ ਕਥਨ ਤੋਂ ਬਾਹਰ ਹੈ। ਗੁਰਬਾਣੀ ਅਨੁਸਾਰ ਉਹ ਪਦਾਰਥ ਮਿਠਾ ਹੈ, ਜਿਸ ਦਾ

* ਬਿਲਾਵਲੁ ਮ: ੫, ਪਨਾ ੮੦੮


www.AKJ.Org

ਸਵਾਦ ਸ਼ੁਰੂ ਵਿਚ ਮਿੱਠਾ ਹੋਵੇ ਜਾਂ ਨਾ ਹੋਵੇ, ਪਰ ਅੰਤ ਵਿਚ ਅਵੱਸ਼ ਮਿੱਠਾ ਹੋਇ ਪ੍ਰਗਟੇ। ਕਾਮ ਵਾਸ਼ਨਾਵਾਂ ਤੇ ਖਾਦਯ ਮਿੱਠੇ ਪਦਾਰਥ ਸ਼ੁਰੂ ਵਿਚ ਮਿੱਠੇ ਹਨ, ਪਰ ਅੰਤ ਨੂੰ ਖੁਆਰ ਕਰਦੇ ਹਨ। ਦੂਸਰੇ ਇਹ ਵਸਤੂ ਦੁਰਲੱਭ ਹੈ, ਆਸਾਨੀ ਨਾਲ ਅਤੇ ਚਲਦੀ ਫਿਰਦੀ ਹਰੇਕ ਹੱਟੀ ਤੇ ਉਪਲਬਧ ਨਹੀਂ। ਤੀਸਰੇ ਇਹ ਵਸਤੂ ਸਸਤੀ ਨਹੀਂ। ਏਨੀ ਮਹਿੰਗੀ ਹੈ ਕਿ ਕੰਚਨ ਮੋਤੀ ਹੀਰਿਆਂ ਦੇ ਢੇਰ ਜਾਂ ਕਰੋੜਾਂ ਰੁਪਿਆਂ ਬਦਲੇ ਵੀ ਇਸ ਦਾ ਮਿਲਣਾ ਅਸੰਭਵ ਹੈ। ਗੁਰਦੇਵ ਜੀ ਦਾ ਅਮਰ ਫੁਰਮਾਨ ਅੰਮ੍ਰਿਤ-ਰਸ ਦੇ ਕਈ ਗੁਣਾਂ ਨੂੰ ਪ੍ਰਗਟਾਉਂਦਾ ਹੈ–

ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਤੀ ਮਿਲ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥

[ਆਸਾ ਮਹਲਾ ੫, ਪੰਨਾ ੩੭੭]

੧੬੯੯ ਦੀ ਵੈਸਾਖੀ ਦਾ ਦਿਨ, ਜਦ ਖ਼ਾਲਸੇ ਦੀ ਸਿਰਜਨਾ ਹੋਈ, ਸੰਸਾਰ ਦੇ ਇਤਿਹਾਸ ਵਿਚ ਵਿਲੱਖਣ ਤੇ ਨਿਵੇਕਲਾ ਅਸਥਾਨ ਰੱਖਦਾ ਹੈ। ਉਸ ਦਿਨ ਦੇ ਕਈ ਮਹੱਤਵਪੂਰਨ ਉਦੇਸ਼ਾਂ ਵਿਚੋਂ ਇਕ ਖ਼ਾਸ ਉਦੇਸ਼ ਨਮੂਨੇ ਦਾ ਅੰਮ੍ਰਿਤ ਤਿਆਰ ਕਰਨਾ ਤੇ ਉਸ ਦਾ ਯੋਗ ਮੁੱਲ ਨਿਰਧਾਰਤ ਕਰਨਾ ਸੀ। ਕੀਰਤਨ ਦੀ ਸਮਾਪਤੀ ਬਾਅਦ ਦਸਮੇਸ਼ ਪਿਤਾ ਜੀ ਨੇ ਮੁਗ਼ਲ ਹਕੂਮਤ ਦੇ ਜ਼ੁਲਮ, ਬੇਇਨਸਾਫ਼ੀ ਤੇ ਧਿੰਗਾਜ਼ੋਰੀ, ਪਹਾੜੀ ਰਾਜਿਆਂ ਦੇ ਨਿੱਜੀ ਸੁਆਰਥ, ਰਾਜਸੀ ਲਾਭ, ਮਾਨਸਕ ਕਮਜ਼ੋਰੀ, ਜ਼ਾਤ ਪਾਤ ਦੇ ਅਭਿਮਾਨ, ਅਤੇ ਖਾਲਸੇ ਦੇ ਕਰਤੱਵ, ਦੇਸ਼ ਪਿਆਰ, ਕੁਰਬਾਨੀ ਦੇ ਜਜ਼ਬੇ ਅਤੇ ਪਰਉਪਕਾਰ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ। ਹਜ਼ੂਰ ਦਾ ਜਲਾਲ ਝੱਲਿਆ ਨਾ ਜਾਵੇ, ਬੀਰ ਰਸ ਸਮੁੰਦਰ ਦੇ ਤੂਫ਼ਾਨ ਵਾਂਗਰ ਠਾਠਾਂ ਮਾਰਦਾ ਨਜ਼ਰ ਆਵੇ। ਕੁਝ ਇਸ ਤਰ੍ਹਾਂ ਦੇ ਭਾਵਾਂ ਨਾਲ ਮਿਲਦੇ ਜੁਲਦੇ ਬਚਨ ਬਹੁਤ ਗੰਭੀਰਤਾ ਸਹਿਤ ਆਖੇ–

''ਮੇਰੇ ਲਾਡਲੇ ਗੁਰਸਿਖੋ! ਮੈਂ ਅੱਜ ਤੁਹਾਨੂੰ ਉਹ ਅੰਮ੍ਰਿਤ-ਪਾਨ ਕਰਾਵਾਂਗਾ ਜਿਸ ਦੇ ਛਕਣ-ਸਾਰ ਤੁਹਾਡੇ ਵਿਚ ਗੈਬੀ ਸ਼ਕਤੀ ਪਰਵੇਸ਼ ਕਰੇਗੀ, ਤੁਹਾਡੇ ਤਨ ਮਨ ਵਿਚ ਬੀਰ ਰਸ ਦਾ ਜਜ਼ਬਾ ਉੱਮਡ ਉੱਮਡ ਪਵੇਗਾ, ਸ਼ੇਰ ਬਣੋਗੇ ਤੇ ਸ਼ੇਰ ਦੀ ਕਰਨੀ ਕਰੋਗੇ, ਮੌਤ ਦਾ ਡਰ ਸਦਾ ਲਈ ਖ਼ਤਮ ਹੋ ਜਾਵੇਗਾ ਤੇ ਸਹੀ ਅਰਥਾਂ ਵਿਚ ਅਮਰ ਹੋ ਜਾਓਗੇ। ਹਿਰਦੇ ਵਿਚ ਨਾਮ ਵਸੇਗਾ ਤੇ ਗੁਰੂ ਨਾਨਕ ਜੀ ਦੀ ਖ਼ੁਸ਼ੀਆਂ ਤੁਹਾਡੀ ਝੋਲੀ ਵਿਚ ਪੈਣਗੀਆਂ। ਪਰ ਇਹ ਅੰਮ੍ਰਿਤ ਮੁਫ਼ਤ ਵਿਚ ਨਹੀਂ ਮਿਲਦਾ, ਇਸ ਦਾ ਮੁੱਲ ਤਾਰਨਾ ਪੈਂਦਾ ਹੈ, ਜਿਹੜਾ ਕਿ ਸੱਚੇ ਸਤਿਗੁਰੂ, ਗੁਰੂ ਨਾਨਕ ਪਾਤਿਸ਼ਾਹ ਨੇ ਨਿਧਾਰਤ ਕੀਤਾ ਹੋਇਆ ਹੈ–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਵਾਰਾਂ ਤੇ ਵਧੀਕ–੧੪੧੨)

ਗੁਰਦੇਵ ਜੀ ਨੇ ਫੁਰਮਾਇਆ ਹੈ ਕਿ ਸੱਚਾ ਸੇਵਕ ਉਹੀ ਹੈ ਜਿਹੜਾ ਸਤਿਗੁਰ ਦਾ ਭਾਣਾ ਮੰਨੇ, ਹੁਕਮ ਦੀ ਤੁਰੰਤ ਪਾਲਣਾ ਕਰੇ, ਗੁਰ-ਸ਼ਬਦ ਹਿਰਦੇ ਵਿਚ ਵਸਾਏ ਅਤੇ ਆਪਣਾ ਸਿਰ ਵਾਰਨ ਵਿਚ ਬਿਲਕੁਲ ਨ ਹਿਚਕਚਾਏ–

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ ॥੧॥੨੭॥

(ਸਲੋਕ ਮ: ੩, ਸਾਰੰਗ ਕੀ ਵਾਰ, ਪੰਨਾ ੧੨੪੭)

ਹੁਣ ਗੁਰੂ ਨਾਨਕ ਜੀ ਦਾ ਹੱਟ ਖੁੱਲ੍ਹ ਗਿਆ ਹੈ ਤੇ ਸੌਦਾ ਖਰੀਦਣ ਦਾ ਯੋਗ ਸਮਾਂ ਹੈ। ਇਸ ਅੰਮ੍ਰਿਤ ਦਾ ਮੁੱਲ ਕੇਵਲ ਸਿਰ ਹੈ। ਆਓ, ਜਿਸ ਨੇ ਪ੍ਰੇਮ ਦਾ ਸੌਦਾ ਕਰਨਾ ਹੈ, ਉਸ ਦੇ ਸਿਰ ਦਾ ਇਹ ਲਿਸ਼ਕਦੀ ਸਿਰੀ ਸਾਹਿਬ ਇੰਤਜ਼ਾਰ ਕਰਦੀ ਹੈ। ਇਸ ਮਾਰਗ ਤੇ ਜੇ ਪੈਰ ਧਰਨਾ ਹੈ ਤਾਂ ਡਗਮਗ ਦੀ ਭਾਵਨਾ ਤਿਆਗਣੀ ਜ਼ਰੂਰੀ ਹੈ। ਆਓ



www.AKJ.Org

ਤੇ ਅੰਮ੍ਰਿਤ ਛਕਣ ਦੇ ਅਧਿਕਾਰੀ ਬਣੋ।" ਦਾਤਾਰ ਦੀ ਅਕਰਖਤ ਤਕਰੀਰ ਦਾ ਅਜਿਹਾ ਗੂੜ੍ਹਾ ਪ੍ਰਭਾਵ ਪਿਆ ਕਿ ਕੁਝ ਕਾਇਰਾਂ ਨੂੰ ਛੱਡ ਕੇ ਬਾਕੀ ਸਾਰੇ ਸਿੱਖ ਗੁਰੂ ਜੋਗੇ ਹੋ ਗਏ। ਪਹਿਲਾਂ ਇੱਕ ਇੱਕ ਕਰਕੇ ਪੰਜ ਸਿਰਲੱਥ ਸੂਰੇ ਮੈਦਾਨ ਵਿਚ ਨਿੱਤਰੇ ਤੇ ਪੰਜ ਪਿਆਰੇ ਅਖਵਾਏ। ਉਸ ਉਪਰੰਤ ਕਈ ਹਜ਼ਾਰ ਪ੍ਰਾਣੀਆਂ ਨੇ ਆਪਣਾ ਸੀਸ ਭੇਟ ਕਰਕੇ ਖੰਡੇ ਦਾ ਅੰਮ੍ਰਿਤ ਗ੍ਰਹਿਣ ਕੀਤਾ ਤੇ ਅਗੰਮੀ ਖੁਸ਼ੀਆਂ ਤੇ ਖੇੜਿਆਂ ਵਿਚ ਝੂਮ ਝੂਮ ਕੇ ਰਹਿਮਤਾਂ ਮੰਗੀਆਂ—

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥੧੦॥

(ਸੂਹੀ ਮਹਲਾ ੪, ਪੰਨਾ ੭੩੧)

ਕੁਝ ਸਿੰਘਾਂ ਨੇ ਸੋਚਿਆ ਕਿ ਨਾਮ-ਅੰਮ੍ਰਿਤ ਭਾਵੇਂ ਮਹਿੰਗਾ ਹੈ, ਪਰ ਇਹ ਤਾਂ ਸਤਿਗੁਰੂ ਦੀ ਆਪਣੀ ਨਦਰਿ ਰਹਿਮਤ ਦੀ ਵਰਖਾ ਹੋਈ ਹੈ ਕਿ ਸਾਡੇ ਵਰਗੇ ਨਿਗੁਣੇ ਜੀਵਾਂ ਨੂੰ ਸੀਸ ਸਮੇਤ ਸਾਰਾ ਤਨ ਮਨ ਵਾਰਨ ਦੀ ਪ੍ਰੇਰਨਾ ਹੋਈ ਹੈ।

ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ਰਹਾਉ॥(ਪੰਨਾ ੭੩੧)

ਪਹਿਲੇ ਨੌਂ ਗੁਰੂ ਵਿਅਕਤੀਆਂ ਨੇ ਕੇਵਲ ਜੋਤੀ ਜੋਤਿ ਸਮਾਉਣ ਸਮੇਂ ਗੁਰ ਚੇਲੇ ਦੀ ਪੂਰਨ ਅਭੇਦਤਾ ਦੀ ਗੁਹਜ ਕਲਾ ਰੌਸ਼ਨ ਕੀਤੀ ਸੀ, ਪਰ ਦਸਮੇਸ਼ ਪਿਤਾ ਨੇ ਗੁਰਸਿੱਖੀ ਦੀ ਰੂਪ-ਰੇਖਾ ਵਿਚ ਆਖ਼ਰੀ ਛੁਹ ਦੇਣ ਹਿੱਤ ਇਸ ਮਹਾਨ ਸਮਾਗਮ ਵਿਚ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਦੋ ਹੋਰ ਮਹੱਤਵ-ਪੂਰਨ ਫ਼ੈਸਲਿਆਂ ਦਾ ਸੰਕੇਤ ਦਿੱਤਾ ਕਿ ਅੱਜ ਤੋਂ ਪੰਜਾਂ ਪਿਆਰਿਆਂ ਨੂੰ ਨਾਮ ਦੇਣ ਅਤੇ ਨਾਮ ਦ੍ਰਿੜ੍ਹਾਉਣ ਦਾ ਅਧਿਕਾਰ ਮਿਲਿਆ ਹੈ, ਜਿਸ ਨਾਲ ਭਵਿੱਖ ਵਿਚ ਸ਼ਖ਼ਸੀ ਗੁਰਿਆਈ ਦਾ ਸਿਲਸਿਲਾ ਸਦਾ ਲਈ ਬੰਦ ਹੋ ਗਿਆ ਹੈ। ਜਦ ਪੰਜਾਂ ਪਿਆਰਿਆਂ ਨੇ ਆਪ ਤੋਂ ਅੰਮ੍ਰਿਤ ਦਾ ਮੁੱਲ ਮੰਗਿਆ ਤਾਂ ਹਜ਼ੂਰ ਨੇ ਤਨ, ਮਨ, ਧਨ ਤੇ ਪਰਵਾਰ ਤਕ ਵਾਰਨ ਦਾ ਬਚਨ ਕੀਤਾ—

ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਕੋ ॥੩॥

(ਪਾ: ੧੦, ਗਿਆਨ ਪ੍ਰਬੋਧ—ਅਖ਼ੀਰ ਸਵੈਯਾ)

ਅਕਾਲ ਪੁਰਖ ਦਾ ਐਸਾ ਕੌਤਕ ਵਰਤਿਆ ਕਿ ਪੰਜ ਸਾਲ ਉਪਰੰਤ ਪਰਵਾਰ ਦੇ ਪੰਜਾਂ ਸਦੱਸਾਂ, ਬਿਰਧ ਮਾਤਾ ਤੇ ਚਾਰੇ ਸਾਹਿਬਜ਼ਾਦਿਆਂ ਨੇ ਪੰਜਾਂ ਪਿਆਰਿਆਂ ਦੀ ਕੁਰਬਾਨੀ ਤੁੱਲ, ਸ਼ਹਾਦਤ ਦੀ ਐਸੀ ਅਨੂਪਮ ਉਦਾਹਰਨ ਪੇਸ਼ ਕੀਤੀ, ਜਿਸ ਤੋਂ ਸਾਰਾ ਵਿਸ਼ਵ ਪ੍ਰੇਰਨਾ ਲੈਂਦਾ ਰਹੇਗਾ।

ਸਰਹੰਦ ਦਾ ਮਹਾਨ ਸਾਕਾ, ਇਕ ਪਾਸੇ ਮੁਗ਼ਲ ਹਕੂਮਤ ਦੀ ਇਖ਼ਲਾਕੀ ਬੁਜ਼ਦਿਲੀ, ਬੇਇਨਸਾਫ਼ੀ ਤੇ ਨੀਵੀਂ ਭਾਵਨਾ ਦੀ ਝਲਕੀ ਦ੍ਰਿਸ਼ਟਾਉਂਦਾ ਹੈ, ਦੂਸਰੇ ਪਾਸੇ ਅੰਮ੍ਰਿਤ ਦੀ ਜ਼ਾਹਰੀ ਕਲਾ ਪਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ ਕਿ ਅੰਮ੍ਰਿਤਧਾਰੀ ਦਾ ਸਿਰ, ਸੱਚੇ ਦਰਬਾਰ ਵਿਚ ਝੁਕਿਆ, ਕਿਸੇ ਹੋਰ ਦਰ ਨਹੀਂ ਝੁੱਕ ਸਕਦਾ, ਤੇ ਸਤਿਗੁਰ ਆਗੇ ਵਿਕਿਆ ਸਿਰ, ਬੈ ਕੀਤਾ ਹੋਇਆ ਸਿਰ, ਕਿਸੇ ਵੀ ਕੀਮਤ ਤੇ ਦੋਬਾਰਾ ਵਿਕ ਨਹੀਂ ਸਕਦਾ।

ਸਾਰਾਂਸ਼ ਸਿੱਖ ਕੌਮ ਨੂੰ ਜੂਝਣ ਤੇ ਮਰ ਮਿਟਣ ਦਾ ਜਜ਼ਬਾ ਕੇਵਲ ਉਪਦੇਸ਼ ਦੁਆਰਾ ਨਹੀਂ, ਬਲਕਿ ਗੁਰੂ ਸਾਹਿਬਾਨ ਦੀ ਆਪਣੀ ਨਿਸ਼ਕਾਮ ਸੇਵਾ, ਪਰਉਪਕਾਰੀ ਜੀਵਨ ਤੇ ਬੇਗ਼ਰਜ਼ ਕੁਰਬਾਨੀ ਦੀ ਪ੍ਰੇਰਨਾ ਤੋਂ ਪਰਦਾਨ ਹੋਇਆ ਹੈ। ਵਰਤਮਾਨ ਕਾਲ ਤੱਕ ਖਾਲਸਾ ਆਪਣੀ ਬੇਮਿਸਾਲ ਬਹਾਦਰੀ, ਦ੍ਰਿੜ੍ਹਤਾ ਤੇ ਸ੍ਵੈਮਾਨਤਾ ਨੂੰ ਕਿਸੇ ਨ ਕਿਸੇ ਰੂਪ ਵਿਚ ਪ੍ਰਗਟਾਉਂਦਾ ਆਇਆ ਹੈ, ਕਿਉਂਕਿ ਇਨ੍ਹਾਂ ਸਭਨਾਂ ਗੁਣਾਂ ਦਾ ਸੋਮਾ "ਅੰਮ੍ਰਿਤ ਬਦਲੇ ਸਿਰ ਵੇਚਣ ਦਾ ਸੌਦਾ ਤੇ ਸਿਰ ਵਾਰਨ ਦਾ ਪ੍ਰਣ" ਆਪਣੇ ਮੂਲ ਰੂਪ ਵਿਚ ਕਾਇਮ ਹੈ।

ਆਨਮਤੀਆਂ ਦੀਆਂ ਨਜ਼ਰਾਂ ਵਿਚ ਭਾਵੇਂ ਅੰਮ੍ਰਿਤ-ਪਾਨ ਸੰਸਕਾਰ, ਗੁਰਮੰਤਰ ਨਾਮ-ਕਰਨ ਦੀ ਕੇਵਲ ਰਸਮੀ ਮਰਿਆਦਾ ਹੋਵੇ, ਪਰ ਗੁਰਸਿੱਖ ਲਈ ਇਹ ਨਵਾਂ ਜਨਮ ਹੈ, ਜਾਤ-ਪਾਤ, ਊਚ-ਨੀਚ, ਛੋਟੇ-ਵੱਡੇ ਦੀ ਭਾਵਨਾ

[ਬਾਕੀ ਵੇਖੋ ਸਫ਼ਾ ੬ ਦੇ ਹੇਠ]



www.AKJ.Org

# ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

( ੧ )

ਗੁਰੂ ਗੋਬਿੰਦ ਸਿੰਘ ਜੀ ਦੀ 'ਪ੍ਰਤਿੱਭਾ' ਬਹੁ-ਪੱਖੀ ਵੀ ਹੈ ਅਤੇ ਹਰ ਪਖੋਂ ਸੰਪੂਰਣਤਾ ਦੀ ਪ੍ਰਤੀਕ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਸਰੂਪ, ਜੀਵਨ ਤੇ ਕਾਰਜ, ਚਿੰਤਨ ਤੇ ਉਦੇਸ਼, ਬੋਲ ਤੇ ਬਾਣੀ, ਸਿੱਖ ਲਹਿਰ ਤੇ ਸਿੱਖ ਸ਼ੰਗਤ, ਪ੍ਰਾਪਤੀ ਤੇ ਪ੍ਰਮਾਣੀਕਤਾ ਨੂੰ ਸੰਪੂਰਣ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਗੁਰੂ-ਜੋਤਿ ਦਾ ਆਦਿ ਰੂਪ ਗੁਰੂ ਨਾਨਕ ਦੇਵ ਜੀ ਹਨ ਤੇ ਅੰਤਿਮ ਰੂਪ ਗੁਰੂ ਗੋਬਿੰਦ ਸਿੰਘ ਜੀ ਹਨ। ਗੁਰੂ ਗੋਬਿੰਦ ਸਿੰਘ ਜੀ ਆਦਿ ਗੁਰੂ ਦਾ ਹੀ ਸਹਿਜ-ਸੁਭਾ ਵਿਸਥਾਰ ਹਨ। ਦਿੱਸਣ ਜਾਂ ਦੇਖਣ ਨੂੰ 'ਕਾਇਆ' ਬੇਸ਼ਕ ਹਰ ਇਕ ਗੁਰੂ ਦੀ ਵੱਖਰੀ ਹੈ, ਪਰ ਅਧਿਆਤਮਿਕ ਭਾਵਨਾ, ਸਦਾਚਾਰਕ ਤੇ ਸਮਾਜਕ ਦ੍ਰਿਸ਼ਟੀ, ਸਭਿਆਚਾਰਕ ਤੇ ਰਾਜਨੀਤਕ ਸੋਚ ਵਿਚ ਬੁਨਿਆਦੀ ਕੋਈ ਫ਼ਰਕ ਜਾਂ ਬਦਲ ਨਹੀਂ। ਸਾਰੇ ਹੀ, ਬਾਣੀ-ਸਿਰਜਨਹਾਰ ਗੁਰੂ ਆਪਣੇ ਆਪ ਨੂੰ 'ਨਾਨਕ' ਅਖਵਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵੀ 'ਦੱਸਾਂ ਪਾਤਿਸ਼ਾਹੀਆਂ ਦਾ ਸਰੂਪ' ਹੈ। ਸੰਗਤ 'ਖਾਲਸਾ' ਹੋ ਗਈ ਹੈ। ਸਿੱਖ ਲਹਿਰ ਦਾ ਜਥੇਬੰਦਕ ਰੂਪ 'ਪੰਥ' ਦਾ ਰੂਪ ਗ੍ਰਹਿਣ ਕਰ ਗਿਆ ਹੈ। ਗੁਰੂ-ਗ੍ਰੰਥ ਵਿਚ ਨਿਰਗੁਣ ਗੁਰੂ-ਜੋਤਿ ਹੈ ਅਤੇ 'ਗੁਰੂ-ਪੰਥ' ਵਿਚ ਸਰਗੁਣ ਗੁਰੂ-ਜੋਤਿ ਹੈ। ਗੁਰੂ-ਪ੍ਰੰਪਰਾ ਤੇ ਗੁਰੂ-ਸੰਸਥਾ ਵਿਚ ਬੁਨਿਆਦੀ ਜਾਂ ਪ੍ਰਥਮ ਤੱਤ ਗੁਰੂ-ਜੋਤਿ ਦਾ ਹੈ। ਚੂੰਕਿ 'ਗੁਰੂ-ਜੋਤਿ' ਸਦਾ ਤੇ ਨਿਰੰਤਰ ਸੰਪੂਰਣ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਵਲੋਂ ਧਰਮ ਦੇ ਸੰਕਲਪ, ਸਰੂਪ, ਸਿਧਾਂਤ, ਸਾਰਥਿਕਤਾ ਤੇ ਸੰਪੂਰਣਤਾ ਨੂੰ ਉਜਾਗਰ ਕਰਨ ਵਾਸਤੇ, ਜਿਨ੍ਹਾਂ ਬੁਨਿਆਦਾਂ ਨੂੰ ਆਧਾਰ ਬਣਾ ਕੇ ਉਲੀਕਿਆ ਗਿਆ ਸੀ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ, ਅੱਠਾਂ ਗੁਰੂ ਸਾਹਿਬਾਨ ਨੇ ਉਨ੍ਹਾਂ ਬੁਨਿਆਦਾਂ ਦੀ ਦਿਸ਼ਾ ਵਿਚ ਹੀ ਸਿੱਖ ਧਰਮ, ਸਿੱਖ ਗ੍ਰੰਥ, ਸਿੱਖ ਪੰਥ ਤੇ ਸਿੱਖ ਗੌਰਵ ਨੂੰ ਸਿਰਜਿਆ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਦੀ ਵਾਹੁ ਵਾਹੁ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ ਕਿ ਉਹਨਾਂ ਨੇ ਬਾਦਸ਼ਾਹ ਤੇ ਦਰਵੇਸ਼-ਸੰਤ ਹੁੰਦਿਆਂ ਜਿਥੇ ਸੰਤ ਤੇ ਸਿਪਾਹੀ, ਰਾਜ ਤੇ ਜੋਗ, ਧਰਮ ਤੇ ਯੁਧ, ਪਿਆਰ ਤੇ ਸੰਘਾਰ ਦੇ ਕਰੱਤਵਾਂ ਨੂੰ ਬੜੀ ਸਫਲਤਾ ਨਾਲ ਨਿਬਾਹਿਆ ਹੈ, ਉਥੇ ਸਮਰਪਿਤ ਸੇਵਾ, ਸਹਿਜ ਤੇ ਸਿਰਜਨਾ ਦੇ ਬਹੁ-ਪੱਖੀ ਖੇਤਰ ਵਿਚ ਵੀ ਸੰਪੂਰਣਤਾ ਦੀਆਂ ਛੋਹਾਂ ਪ੍ਰਦਾਨ ਕਰ ਕੇ, ਹਰ ਪੱਖੋਂ ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪੰਥਕ ਆਦਰਸ਼ਾਂ ਨੂੰ ਜਿਵੇਂ ਉਦਿਆਇਆ ਅਤੇ ਵਡਿਆਇਆ ਹੈ, ਉਸ ਦਾ ਸਿੱਟਾ ਹੀ ਹੈ, ਕਿ ਸਮਕਾਲੀ ਭਾਈ ਗੁਰਦਾਸ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਦੀ ਸਿਮਰਤੀ ਨਾਲ ਯਾਦ ਕਰਦਾ ਹੈ। ਭਾਈ ਗੁਰਦਾਸ ਸਿੰਘ ਜੀ ਨੂੰ ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ 'ਆਪੇ ਗੁਰ ਚੇਲਾ' ਵਾਲਾ ਕੀਤਾ ਅਦੁੱਤੀ ਕਾਰਨਾਮਾ ਵੀ ਬੜਾ ਵਾਹੁ ਵਾਹੁ ਵਾਲਾ ਦ੍ਰਿਸ਼ਟੀਗੋਚਰ ਹੁੰਦਾ ਹੈ। 'ਆਪੇ ਗੁਰ ਚੇਲਾ' ਵਾਲਾ ਅਦੁੱਤੀ ਕਾਰਨਾਮਾ ਨਿਸਚੇ ਹੀ ਇੰਨਾ ਵੱਡਾ, ਸਿਰਜਨਾਤਮਿਕ, ਪ੍ਰਭਾਵਸ਼ਾਲੀ ਤੇ ਵਿਲੱਖਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਕਹਿਣਾ ਬਿਲਕੁਲ ਯੋਗ ਲਗਦਾ ਹੈ।

( ੨ )

'ਆਪੇ ਗੁਰ' ਪ੍ਰਤੀਕ ਹੈ ਗੁਰੂ ਗੋਬਿੰਦ ਸਿੰਘ ਜੀ ਦਾ, ਤੇ 'ਚੇਲਾ' ਵੀ ਪ੍ਰਤੀਕ ਹੈ ਗੁਰੂ ਗੋਬਿੰਦ ਸਿੰਘ ਜੀ ਦਾ। ਭਾਰਤੀ ਬੋਲੀ ਤੇ ਸੰਸਕ੍ਰਿਤੀ ਵਿਚ 'ਗੁਰੂ' ਸਦਾ 'ਗੁਰੂ' ਰਿਹਾ ਹੈ ਤੇ 'ਚੇਲਾ' ਸਦਾ 'ਚੇਲਾ' ਰਿਹਾ ਹੈ। ਸਿੱਖ ਸੰਕਲਪ ਵਿਚ 'ਗੁਰੂ' ਦਾ ਭਾਵ ਹੈ—ਜਿਸ ਦਾ ਅੰਗ ਅੰਗ ਹਰਿ-ਜੋਤਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਵੀ ਹੈ ਅਤੇ ਹਰਿ-ਜੋਤਿ ਦੇ ਪ੍ਰਕਾਸ਼ ਨਾਲ ਆਪਣੇ ਸਿੱਖ-ਚੇਲਾ ਨੂੰ ਇਕਸੁਰ ਤੇ ਇਕਰੂਪ ਕਰ ਕੇ, ਬਿਲਕੁੱਲ ਆਪਣੇ ਵਰਗਾ, ਇਕ ਹੋਰ 'ਜੋਤਿ-ਸਰੂਪ' ਵੀ ਸਿਰਜ-ਸੰਵਾਰ ਸਕੇ। ਗੁਰੂ-ਪ੍ਰੰਪਰਾ ਵਿਚ ਆਦਿ ਤੋਂ ਸਥਾਪਿਤ 'ਗੁਰੂ' ਕੇਵਲ



www.AKJ.Org

ਗੁਰੂ ਨਾਨਕ ਦੇਵ ਜੀ ਹਨ, ਪਰ ਬਾਕੀ ਨੌਂ ਗੁਰੂ ਰੂਪ ਪਹਿਲਾਂ 'ਗੁਰੂ-ਸਿੱਖ' (ਚੇਲਾ) ਸਨ। ਜਦੋਂ ਗੁਰੂ-ਵਿਚਾਰ ਦੁਆਰਾ ਸਿੱਖੀ-ਸਿਖਿਆ ਵਿਚ 'ਸਿੱਖ-ਚੇਲਾ' ਪਰਵਾਨ ਹੋ ਗਿਆ, ਗੁਰੂ-ਸ਼ਬਦ-ਸੱਚ ਵਿਚ ਸਮਾ ਗਿਆ, ਨਦਰਿ-ਨਿਹਾਲ ਦੀ ਖੁਸ਼ੀ ਤੇ ਪਾਤਿਸ਼ਾਹੀ ਪ੍ਰਾਪਤ ਕਰ ਗਿਆ, ਤਾਂ ਉਹ 'ਸਿੱਖ-ਚੇਲਾ', 'ਨਾਨਕ ਰਾਜ' ਦਾ ਅਧਿਕਾਰ ਪ੍ਰਾਪਤ ਕਰ ਕੇ, ਬਿਲਕੁੱਲ ਆਪਣੇ ਗੁਰੂ ਵਰਗਾ ਰੂਪ-ਸਰੂਪ ਗ੍ਰਹਿਣ ਕਰ ਕੇ 'ਕੁਦਰਤੀ ਨੂਰ' ਵੀ ਬਣ ਜਾਂਦਾ ਹੈ ਅਤੇ ਗੁਰੂ-ਸਿੰਘਾਸਣ ਉਤੇ ਵੀ ਬੈਠ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਨੂੰ ਸਿੱਖੀ-ਸਿਖਿਆ ਦੀ ਘਾਲਿ-ਕਮਾਈ ਕਰਨੀ ਹੀ ਪਈ। ਘਾਲਿ-ਕਮਾਈ ਦਾ ਰੂਪ ਭਾਵੇਂ ਆਪਾ ਸਮਰਪਿਤ ਕਰਨਾ ਸੀ, ਜਾਂ ਸਾਧਨਾ ਸੀ, ਜਾਂ ਸਹਿਜ ਤੇ ਸ਼ਹੀਦ ਦੀ ਕ੍ਰਿਆ ਵਿਚ ਜੀਊਣਾ ਸੀ, ਜਾਂ ਗੁਰੂ-ਹੁਕਮ ਪਾਲਣਾ ਸੀ, ਜਾਂ ਮੀਰੀ-ਪੀਰੀ ਦੇ ਸ਼ਸਤਰਾਂ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਪਤਿ ਸੇਤੀ ਅਧਿਕਾਰ ਨੂੰ ਪ੍ਰਾਪਤ ਕਰਨਾ ਸੀ, ਜਾਂ ਸਿੱਖ ਲਹਿਰ ਨੂੰ ਜਥੇਬੰਦ ਕਰ ਕੇ 'ਸੱਚ-ਰਾਜ' ਦੀ ਸਥਾਪਿਤੀ ਲਈ ਕੌਮੀ ਝੁੱਲ ਨੂੰ ਪ੍ਰਚੰਡ ਕਰਨਾ ਸੀ, ਜਾਂ ਸਰਬੰਸ਼ ਵਾਰ ਕੇ ਵੀ ਗੁਰੂ-ਪੰਥ ਦੇ ਆਦਰਸ਼ਾਂ ਨੂੰ ਉੱਚਾ ਤੇ ਬੁਲੰਦ ਰੱਖਣਾ ਸੀ, ਪਰ ਇਹ ਅਧਿਆਤਮਕ ਤੇ ਇਤਿਹਾਸਕ ਸੱਚ ਹੈ, ਕਿ ਹਰ ਸਿੱਖ-ਚੇਲੇ ਨੂੰ 'ਗੁਰੂ' ਬਣਨ ਦਾ ਮੌਕਾ ਤੇ ਮਾਣ ਪ੍ਰਾਪਤ ਸੀ। ਸਿੱਖ-ਚੇਲਾ ਉਹ 'ਗੁਰੂ' ਬਣ ਸਕਿਆ, ਜਿਸ ਨੇ ਗੁਰੂ-ਹੁਕਮ ਨੂੰ ਪਾਲ ਕੇ, 'ਹਉਮੈ-ਹਨੇਰਾ' ਛੱਡ, ਘਾਲ-ਕਮਾਈ ਵਿਚ ਗੁਰੂ-ਨਾਮ-ਨੀਸਾਣ ਦੀ ਪ੍ਰਾਪਤੀ ਕੀਤੀ। ਗੁਰੂ-ਜੋਤਿ ਤੋਂ 'ਜੋਤਿ-ਗੁਰੂ' ਬਣਨ ਤੇ ਬਣਾਣ ਦੀ ਪ੍ਰੰਪਰਾ ਵੀ ਸਿੱਖ ਧਰਮ ਵਿਚ ਵਿਲੱਖਣ ਹੈ, ਤੇ ਪਹਿਲਾਂ ਗੁਰੂ ਬਣ ਕੇ, ਫਿਰ ਜੀਊਂਦਿਆਂ ਹੀ 'ਗੁਰੂ' ਰੂਪ ਛਡ ਕੇ, ਸਿੱਖ-ਚੇਲਾ ਬਣ ਕੇ, ਗੁਰੂ ਦੀ ਜੈਕਾਰ ਕਰਨ ਦੀ ਭਾਵਨਾ ਵੀ ਸਿੱਖ ਧਰਮ ਵਿਚ ਬੜੀ ਪ੍ਰਚੰਡ ਹੈ। ਪਹਿਲਾਂ ਗੁਰੂ ਹੋਣਾ, ਫਿਰ 'ਚੇਲਾ' ਬਣ ਜਾਣਾ, ਚੇਲੇ ਨੂੰ 'ਗੁਰੂ' ਬਣਾ ਦੇਣਾ, ਤੇ ਫਿਰ ਗੁਰੂ ਤੋਂ ਚੇਲਾ ਬਣ ਜਾਣਾ, ਇਹ ਸੰਕਲਪ ਅਤੇ ਕਰਮ ਗੁਰੂ-ਪ੍ਰੰਪਰਾ, ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਮੌਲਿਕ ਤੇ ਵਿਲੱਖਣ ਹਸਤਾਖਰ ਵੀ ਹੈ ਤੇ ਸਿੱਖ ਕੌਮ ਦੇ ਮੁੱਖ ਨੂੰ ਸਦਾ ਮਾਨਵਵਾਦੀ, ਸਦਭਾਵਨਾ ਵਾਲਾ ਤੇ ਸੁਤੰਤਰਤਾ-ਪੱਖੀ ਰੱਖਣ ਵਾਲਾ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ, ੩੦ ਮਾਰਚ, ੧੬੯੯ ਈ: ਨੂੰ 'ਆਪੇ ਗੁਰ-ਚੇਲਾ' ਦਾ ਜਿਹੜਾ ਬਚਿੱਤਰ ਨਾਟਕ ਖੇਡਿਆ, ਇਹ ਬਿਲਕੁਲ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਅਤੇ ਕਰਮ ਦੀ ਹੀ ਇਕ ਸਪੱਸ਼ਟ ਤੇ ਸ਼ਾਨਦਾਰ ਕੜੀ ਹੈ।

( ੩ )

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸ਼ਬਦ-ਗੁਰੂ' ਦਾ ਸੰਕਲਪ ਤੇ ਸਿਧਾਂਤ ਤਾਂ ਵਿਆਪਕ ਪੱਧਰ ਉਤੇ ਸਥਾਪਿਤ ਹੈ, ਪਰ 'ਸੁਰਤਿ-ਧੁਨਿ-ਚੇਲਾ' ਦਾ ਸੰਕਲਪ ਕੇਵਲ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਵਲੋਂ ਪੁਛੇ ਪ੍ਰਸ਼ਨ ਦੇ ਉਤਰ ਵਿਚ ਹੀ ਮੂਰਤੀਮਾਨ ਕੀਤਾ ਹੈ। 'ਸ਼ਬਦ-ਗੁਰੂ' ਤੇ 'ਸੁਰਤਿ ਧੁਨਿ ਚੇਲਾ' ਦਾ ਸੰਕਲਪ ਤੇ ਰਿਸ਼ਤਾ ਸ਼ੁਧ ਰੂਪ ਵਿਚ ਨਿਰਗੁਣ ਤੇ ਨਿਰੋਲ ਆਤਮਕ ਹੀ ਹੈ। 'ਸ਼ਬਦ' ਸਥਾਨਾਪਤਿ ਹੈ ਗੁਰੂ ਦਾ, ਤੇ 'ਸੁਰਤਿ' ਪ੍ਰਤੀਨਿੱਧ ਹੈ ਜੀਵ ਦੀ। ਜਿਵੇਂ ਸ਼ਬਦ-ਸੁਰਤਿ ਦੇ ਰਿਸ਼ਤੇ ਵਿਚ ਆਤਮਕ ਇਕਸੁਰਤਾ, ਪ੍ਰੇਮ, ਰਸ ਤੇ ਸੁਤੰਤਰਤਾ ਪ੍ਰਧਾਨ ਹੈ, ਇਸੇ ਤਰਾਂ ਗੁਰੂ ਤੇ ਸਿੱਖ ਦੇ ਰਿਸ਼ਤੇ ਵਿਚ ਵੀ ਰੂਪ-ਰੰਗ, ਜਾਤਿ-ਪਾਤਿ, ਵਰਨ-ਭੇਦ, ਕੁਲ, ਕ੍ਰਿਤ, ਬੋਲੀ ਤੇ ਪ੍ਰਾਂਤ ਦੀ ਕੋਈ ਵੰਡ ਨਹੀਂ। ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ, ਸੰਗਤੀ-ਪ੍ਰੇਮ ਵਿਚ ਸਾਰੇ ਬਰਾਬਰ ਹਨ, ਸਾਰੇ ਆਤਮਕ ਰਸ ਭੁੰਚਣ ਦੇ ਅਧਿਕਾਰੀ ਹਨ, ਮੁਥਾਜੀ ਤੇ ਕਾਮਨਾ ਤੋਂ ਦੋਵੇਂ ਆਜ਼ਾਦ ਹਨ। ਸ਼ਬਦ-ਸੁਰਤਿ ਤੇ ਗੁਰੂ-ਸਿੱਖ ਦਾ ਪ੍ਰੇਮ ਸਦਾ ਨਵਾਂ ਰਹਿੰਦਾ ਹੈ, ਇਹ ਨੇਹੁ ਨਵੇਲਾ ਵੀ ਹੈ। ਭਾਈ ਗੁਰਦਾਸ ਜੀ ਦਾ ਸਪੱਸ਼ਟ ਨਿਰਣਾ ਹੈ :

(ੳ) ਗੁਰਮੁਖ ਸੁਖ ਫਲ ਪਿਰਮ ਰਸ ਹੁਇ ਗੁਰੁ ਸਿੱਖ ਮੇਲਾ ॥ (੧੩/੧੪)

(ਅ) ਸ਼ਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ ॥ (੧੩/੧੪)

ਗੁਰੂ-ਸਿੱਖੀ ਦੀ ਸਹੀ ਪਛਾਣ ਵੀ ਸ਼ਬਦ-ਸੁਰਤਿ ਦੇ ਸਤਿ ਸੰਗਤੀ ਅਨੁਭਵ ਵਿਚੋਂ ਹੀ ਉਜਾਗਰ ਹੁੰਦੀ ਹੈ :

ਗੁਰਸਿਖੀ ਦਾ ਸਿਖਣਾ ਸਬਦ ਸੁਰਤਿ ਸਤਿ ਸੰਗਤਿ ਸਿਖੈ ॥ (੨੮/੫)



www.AKJ.Org

ਗੁਰੂ-ਸਿਖੀ ਦੇ ਰਿਸ਼ਤੇ ਵਿਚ ਕਿਸੇ ਹੋਰ ਸੰਸਕਾਰ, ਵਿਧੀ ਜਾਂ ਕਿਰਿਆ ਕਰਨ ਦੀ ਲੋੜ ਨਹੀਂ; ਕੇਵਲ ਗੁਰੂ ਦਾ ਫੁਰਮਾਨ ਹੀ ਕਾਫ਼ੀ ਹੈ :

ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ ॥ (੨੮/੧੦)

ਸਿੱਖ ਧਰਮ ਵਿਚ ਮੂਰਤੀ-ਪੂਜਾ ਨਹੀਂ, ਨਾ ਸਰੀਰ-ਪੂਜਾ ਹੈ ਅਤੇ ਨਾ ਹੀ ਅਵਤਾਰਵਾਦ ਦੀ ਵਿਸ਼ੇਸ਼ਤਾ ਹੈ। ਇਥੇ ਕੇਵਲ ਗੁਰੂ ਹੈ, ਗੁਰੂ ਦਾ ਉਪਦੇਸ਼ ਹੈ, ਗੁਰੂ ਦਾ ਸ਼ਬਦ ਹੈ, ਗੁਰੂ ਦੀ ਬਾਣੀ ਹੈ। ਗੁਰੂ ਦਾ ਬਚਨ ਅਤੇ ਗੁਰੂ ਇਕੋ ਰੂਪ ਹਨ :—

ਸਤਿਗੁਰ ਬਚਨ ਬਚਨ ਹੈ ਸਤਿਗੁਰ...॥੫॥੩॥ (ਕਾਨੜਾ ਮ: ੪, ਪੰਨਾ ੧੩੧੦)

ਗੁਰੂ ਦਾ ਬਚਨ ਇਕ ਸੁਤੰਤਰ ਅਧਿਕਾਰ ਵਿਚ ਸ਼ਖਸੀਅਤ ਧਾਰ ਲੈਂਦਾ ਹੈ, ਕਰਤਾ ਪੁਰਖ ਬਣ ਜਾਂਦਾ ਹੈ, ਪੁਰਖੋਤਮ ਹੋ ਜਾਂਦਾ ਹੈ, ਅਖ਼ੀਰ ਆਪਣੇ ਸਤਿ ਸਰੂਪ ਵਿਚ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ :

(ੳ) ਸਤਿਗੁਰ ਬਾਣੀ ਪੁਰਖੁ ਪੁਰਖੋਤਮ.. ॥੨।੧॥ (ਕਾਨੜਾ ਮ: ੪, ਪੰਨਾ ੧੩੦੮)
(ਅ) ਸਤਿਗੁਰ ਕੀ ਬਾਣੀ ਸਤਿ ਸਰੂਪ ਹੈ...॥੯॥ (ਗਉੜੀ ਕੀ ਵਾਰ ਮ: ੪, ਪੰਨਾ ੩੦੪)

ਗੁਰੂ, ਗੁਰਬਾਣੀ, ਪੁਰਖ, ਪੁਰਖੋਤਮ, ਅਕਾਲ-ਪੁਰਖ ਤੇ ਸਤਿ ਸਰੂਪ ਇਹ ਸਾਰੇ 'ਸ਼ਬਦ' ਦੇ ਹੀ ਪ੍ਰਕਾਸ਼ ਬਿੰਬ ਹਨ। ਸ਼ਬਦ-ਸ਼ਖ਼ਸੀਅਤ ਦਾ ਅਨੁਭਵ ਤੇ ਅੰਦਾਜ਼ਾ ਕੇਵਲ ਸੁਰਤਿ ਹੀ ਪਾ ਸਕਦੀ ਹੈ, ਹੋਰ ਕੋਈ ਪੂਜਾ-ਵਿਧੀ ਜਾਂ ਸਾਧਨਾ ਪਖ ਨਹੀਂ। ਸ਼ਬਦ-ਸੁਰਤਿ ਦਾ ਨਿਰਗੁਣ ਤੇ ਨਿਰੋਲ ਆਤਮਕ ਰਿਸ਼ਤਾ ਹੀ ਅਖ਼ੀਰ ਜਦੋਂ ਸਰਗੁਣ ਸਰੂਪ ਵਿਚ ਪ੍ਰਗਟ ਹੁੰਦਾ ਹੈ, ਤਾਂ ਉਹ ਗੁਰੂ-ਚੇਲਾ (ਸਿੱਖ) ਦਾ ਰਿਸ਼ਤਾ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤੇ ਭਾਈ ਲਹਿਣਾ ਜੀ ਦਾ ਪਹਿਲਾਂ ਆਤਮਕ ਰਿਸ਼ਤਾ ਗੁਰੂ ਅਤੇ ਚੇਲੇ ਦਾ ਰਿਸ਼ਤਾ ਹੀ ਉਜਾਗਰ ਹੋਇਆ ਸੀ। ਜੋ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਸਨ, ਭਾਈ ਲਹਿਣਾ ਜੀ ਗੁਰੂ-ਸਿੱਖ ਹੋਣ ਦੇ ਨਾਤੇ ਖਿੜੇ ਮੱਥੇ ਪ੍ਰੇਮ ਰਸ ਵਿਚ, ਬਿਨਾ ਮੁਥਾਜੀ ਅਹਿਸਾਸ ਦੇ, ਸਵੀਕਾਰ ਕਰ ਲੈਂਦੇ ਸਨ। ਗੁਰੂ-ਫੁਰਮਾਨ ਦੀ ਸਵੀਕ੍ਰਿਤੀ ਨਾਲ ਹੀ ਭਾਈ ਲਹਿਣੇ ਨੂੰ ਗੁਰੂ ਨਾਨਕ ਦੇਵ ਜੀ ਇੰਨਾ ਪਿਆਰ ਕਰਦੇ ਹਨ ਕਿ ਆਪਣੇ ਅੰਗ ਨਾਲ ਲਾ ਕੇ, ਅੰਗਦ ਬਣਾ ਕੇ, ਅਖ਼ੀਰ ਗੁਰੂ-ਜੋਤਿ-ਰੂਪ ਵਿਚ ਸਜਾ-ਸੰਵਾਰ ਕੇ, ਆਪਣੀ ਆਤਮਕ ਤੇ ਸਮਾਜਕ, ਸਾਰੀ ਰਾਸਿ ਗੁਰੂ ਅੰਗਦ ਦੇਵ ਜੀ ਨੂੰ ਪ੍ਰਦਾਨ ਕਰ ਦੇਂਦੇ ਹਨ। ਇਸ ਤਰ੍ਹਾਂ ਗੁਰੂ ਚੇਲੇ ਦਾ ਪ੍ਰੰਪਰਾਗਤਿ ਸਦੀਵੀ ਭੇਦ ਮਿਟਾ ਕੇ, 'ਆਪੇ ਗੁਰ ਚੇਲਾ' ਦੀ ਜਿਹੜੀ ਪ੍ਰੰਪਰਾ ਗੁਰੂ ਨਾਨਕ ਦੇਵ ਜੀ ਨੇ ਚਲਾਈ, ਸਾਰੇ ਗੁਰੂ ਸਾਹਿਬਾਨ ਨੇ, ਉਸੇ ਪ੍ਰੰਪਰਾ ਅਨੁਸਾਰ ਆਪਣੇ ਧਰਮ-ਉਦੇਸ਼ ਨੂੰ ਪੂਰਾ ਕਰਨ ਦਾ ਯਤਨ ਕੀਤਾ। ਗੁਰੂ-ਚੇਲੇ ਦੀ ਏਕਤਾ, ਬਰਾਬਰਤਾ ਤੇ ਸਦਭਾਵਨਾ ਦਾ ਜੇ ਸਭ ਤੋਂ ਪਹਿਲਾਂ ਕਿਸੇ ਸਿੱਖ ਬਾਣੀਕਾਰ ਨੇ ਸਹੀ ਅਨੁਭਵ ਕੀਤਾ, ਤਾਂ ਉਹ ਪਹਿਲਾਂ ਭਾਈ ਗੁਰਦਾਸ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਇਕ-ਰੂਪਤਾ ਨੂੰ ਗੁਰੂ-ਚੇਲੇ ਦੀ ਇਕ-ਸਰੂਪਤਾ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ—

(ੳ) ਗੁਰੁ ਅੰਗਦੁ ਗੁਰ ਅੰਗ ਤੇ ਗੁਰੁ ਚੇਲਾ ਚੇਲਾ ਗੁਰ ਭਾਯਾ ॥ (੨੬/੩੪)
(ਅ) ਪਾਰਬ੍ਰਹਮ ਪੂਰਨ ਬ੍ਰਹਮੁ ਸਬਦ ਸੁਰਤਿ ਸਤਿਗੁਰ ਗੁਰ ਚੇਲਾ ॥ (੧੨/੧੬)
(ੲ) ਗੁਰ ਚੇਲਾ ਚੇਲਾ ਗੁਰੂ ਗੁਰ ਚੇਲੇ ਪਰਚਾ ਪਰਚਾਯਾ ॥ (੨੪/੫)

ਭੱਟਾਂ ਵਿਚੋਂ ਵੀ 'ਕੀਰਤ ਭੱਟ' ਦਾ ਅਨੁਭਵ ਭਾਈ ਗੁਰਦਾਸ ਜੀ ਵਰਗਾ ਹੀ ਲਗਦਾ ਹੈ :

ਤਾ ਤੇ ਅੰਗਦੁ ਅੰਗਿ ਸੰਗਿ ਭਯੋ ਸਾਇਰੁ;
ਤਿਨਿ ਸਬਦੁ ਸੁਰਤਿ ਕੀਨੀ ਵਰਖਾਈ ॥੩॥੫੮॥ (ਪੰਨਾ ੧੪੦੬)

ਨਿਸਚੇ ਹੀ ਜਿਵੇਂ ਆਤਮਕ-ਰਿਸ਼ਤੇ ਵਿਚ ਸ਼ਬਦ-ਗੁਰੂ ਹੈ ਅਤੇ ਸੁਰਤਿ-ਚੇਲਾ ਹੈ, ਦੋਹਾਂ ਦੇ ਇਕ-ਸੁਰ ਤੇ ਇਕ ਰੂਪ ਹੋਣ ਨਾਲ ਦਵੈਤ, ਵੰਡ, ਭੈ ਤੇ ਮੁਥਾਜੀ ਮੁਕ ਜਾਂਦੀ ਹੈ; ਪ੍ਰੇਮ, ਰਸ, ਏਕਤਾ ਤੇ ਸੁਤੰਤਰਤਾ ਦਾ ਮੰਡਲ ਸਹਿਜੇ ਹੀ ਸਿਰਜਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ-ਪ੍ਰੰਪਰਾ ਤੇ ਖ਼ਾਸ ਕਰਕੇ ਗੁਰੂ ਗੋਬਿੰਦ ਸਿੰਘ


www.AKJ.Org

ਜੀ ਨੇ ਗੁਰੂ ਸਿੱਖ ਦੇ ਸਮਾਜਕ ਰਿਸ਼ਤਿਆਂ ਵਿਚੋਂ ਦਵੈਤ, ਵੰਡ, ਭੈ ਤੇ ਮੁਥਾਜੀ ਦੀ ਭਾਵਨਾ ਮੁਕਾ ਕੇ, ਦੋਹਾਂ ਵਿਚ ਅਜਿਹੀ ਏਕਤਾ, ਇਕਸੁਰਤਾ ਤੇ ਇਕਰੂਪਤਾ ਜਗਾ ਦਿੱਤੀ ਹੈ ਕਿ 'ਗੁਰੂ' ਚੇਲਾ ਬਣਨ ਵੇਲੇ ਨੀਵਾਂ ਮਹਿਸੂਸ ਨਹੀਂ ਕਰਦਾ ਅਤੇ 'ਚੇਲਾ' ਗੁਰੂ ਬਣ ਕੇ ਹੰਕਾਰ ਅਧੀਨ ਉੱਚਾ ਨਹੀਂ ਅਖਵਾਂਦਾ। ਗੁਰੂ-ਚੇਲੇ ਦਾ ਸੰਜੋਗ, ਸ਼ਬਦ-ਸੁਰਤਿ ਦੇ ਸੰਜੋਗ ਵਰਗਾ ਹੀ ਹੋ ਜਾਂਦਾ ਹੈ। ਇਸ ਲਈ 'ਆਪੇ ਗੁਰ ਚੇਲਾ' ਦੇ ਬੋਲ ਵਿਚ ਸ਼ਬਦ-ਗੁਰੂ ਨਾਲ ਸ਼ਿੰਗਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਇਕੋ ਹੀ ਹੈ, ਪਹਿਲਾਂ ਅੰਮ੍ਰਿਤ ਦੇਣ ਵੇਲੇ ਉਹ 'ਗੁਰੂ' ਹੈ, ਫਿਰ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪ੍ਰਾਪਤ ਕਰਨ ਵੇਲੇ ਉਹ 'ਚੇਲਾ' ਹੈ। ਇਸੇ ਨਾਟਕੀ-ਪ੍ਰਦਰਸ਼ਨ ਦੇ ਪ੍ਰਸੰਗ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪੇ 'ਗੁਰ ਚੇਲਾ' ਦੀ ਵਿਸ਼ੇਸ਼ਤਾ ਪ੍ਰਦਾਨ ਕਰ ਕੇ, ਦੂਜਾ ਭਾਈ ਗੁਰਦਾਸ ਸਿੰਘ ਕੀ, ਸਮੁੱਚਾ ਸਿੱਖ-ਜਗਤ ਆਪਣਾ ਅਭਿਨੰਦਨ ਪੇਸ਼ ਕਰਦਾ ਹੈ।

( ੪ )

'ਆਪੇ ਗੁਰ ਚੇਲਾ' ਦਾ ਨਾਟਕੀ ਤੇ ਬਚਿੱਤਰ ਪ੍ਰਦਰਸ਼ਨ ਸਪੱਸ਼ਟ ਰੂਪ ਵਿਚ, ਪਹਿਲੀ ਵਾਰੀ ੩੦ ਮਾਰਚ, ੧੬੯੯ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿਖਾਇਆ ਹੈ। ਵੈਸਾਖੀ ਦਾ ਦਿਵਸ ਹੈ। ਦੀਵਾਨ ਸਜਿਆ ਹੋਇਆ ਹੈ। ਗੁਰੂ ਦਰਸ਼ਨ-ਦੀਦਾਰ ਲਈ ਤੇ ਗੁਰੂ-ਫੁਰਮਾਨ ਸੁਣਨ ਲਈ ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਵਿਚੋਂ 'ਸਿੱਖ' ਸੰਗਤ ਰੂਪ ਵਿਚ ਜੁੜੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਹਸਤ-ਕਮਲ ਵਿਚ ਨੰਗੀ ਤਲਵਾਰ ਫੜੀ ਹੋਈ ਹੈ ਅਤੇ ਬੜੀ ਬਚਿੱਤਰਤਾ ਨਾਲ ਸਟੇਜ ਉਤੇ ਆ ਖੜੇ ਹੁੰਦੇ ਹਨ। ਬੜੇ ਪਿਆਰ ਅਤੇ ਵੰਗਾਰ ਨਾਲ ਫੁਰਮਾਨ ਕਰਦੇ ਹਨ ਕਿ ਮੈਨੂੰ ਇਕ ਸਿੱਖ ਦਾ ਸੀਸ ਚਾਹੀਦਾ ਹੈ। ਚੂੰਕਿ ਫੁਰਮਾਨ ਬੜਾ ਬਚਿੱਤਰ ਸੀ, ਤੇ ਪਹਿਲੀ ਵਾਰੀ ਪ੍ਰਕਾਸ਼ ਹੋਇਆ ਸੀ, ਇਸ ਲਈ ਅਸਚਰਜਤਾ ਦਾ ਸਹਿਜ ਸੁਭਾ ਪ੍ਰਗਟ ਹੋਣਾ ਲਾਜ਼ਮੀ ਸੀ। ਐਸਾ ਪ੍ਰਗਟ ਹੋਇਆ ਸੀ, ਪਰ ਜਿਹੜੇ ਸਿੱਖ 'ਸਿੱਖੀ' ਨਾਲ ਜੁੜੇ ਹੋਣ ਕਰਕੇ ਸਦਾ ਹੀ ਤਨ, ਮਨ ਤੇ ਧਨ ਗੁਰੂ-ਹੁਕਮ ਲਈ ਸਮਰਪਿਤ ਰਖਦੇ ਸਨ, ਪਹਿਲਾਂ ਉਹਨਾਂ ਵਿਚੋਂ ਇਕ 'ਦਇਆ ਰਾਮ' ਉਠਿਆ ਤੇ ਕਹਿਣ ਲੱਗਾ, ਹਜ਼ੂਰ ! ਮੇਰਾ ਸੀਸ ਹਾਜ਼ਰ ਹੈ। ਗੁਰੂ ਗੋਬਿੰਦ ਸਿੰਘ ਜੀ 'ਦਇਆ ਰਾਮ' ਨੂੰ ਨਾਲ ਲਗੇ ਤੰਬੂ ਵਿਚ ਲੈ ਗਏ। ਜਦੋਂ ਵਾਪਿਸ ਦੀਵਾਨ ਵਿਚ ਆਏ ਤਾਂ ਚੇਹਰੇ ਉਤੇ ਜਾਹੁ ਜਲਾਲ ਸੀ ਤੇ ਤਲਵਾਰ ਲਹੂ ਨਾਲ ਭਿੱਜੀ ਹੋਈ ਸੀ। ਫਿਰ ਫੁਰਮਾਨ ਪ੍ਰਕਾਸ਼ ਹੋਇਆ ਕਿ ਇਕ ਹੋਰ ਸਿੱਖ ਦਾ ਸੀਸ ਚਾਹੀਦਾ ਹੈ। ਫਿਰ ਵਾਰੋ ਵਾਰੀ ਤਿੰਨ ਹੋਰ ਸੀਸ ਮੰਗੇ। ਇਸ ਤਰ੍ਹਾਂ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੋਹਕਮ ਦਾਸ ਤੇ ਭਾਈ ਸਾਹਿਬ ਚੰਦ ਜੀ ਨੇ ਸੀਸ ਭੇਟ ਕੀਤੇ। ਫੁਰਮਾਨ ਨੂੰ ਮੰਨਣਾ, ਮੰਨਣ ਵਿਚ 'ਸੀਸ' ਤਲੀ ਉਤੇ ਰਖ ਕੇ ਭੇਟ ਕਰਨਾ, ਇਹ ਪ੍ਰੇਮ ਦਾ ਪ੍ਰਗਟਾਵਾ ਕਰਨਾ ਵੀ ਸੀ, ਸਹੀ ਅਰਥਾਂ ਵਿਚ ਗੁਰੂ ਦਾ ਸਿੱਖ ਬਣਨਾ ਵੀ ਸੀ, ਵਿਸ਼ੇਸ਼ ਤੌਰ ਤੇ ਸਿੱਖੀ ਵਿਚ ਪਰਵਾਨ ਹੋਣਾ ਵੀ ਸੀ। ਇਹੀ ਕਾਰਨ ਹੈ ਕਿ ਜਦੋਂ ਸੱਚ-ਰੰਗ, ਨਾਮ-ਰੰਗ, ਸ਼ਬਦ-ਰੰਗ, ਸਹਿਜ-ਰੰਗ ਤੇ ਗੁਰੂ-ਰੰਗ ਵਿਚ ਰੰਗ ਕੇ ਪੰਜਾਂ ਸਿੱਖਾਂ ਨੂੰ ਤੰਬੂ ਤੋਂ ਬਾਹਰ, ਤੇ ਸੰਗਤ ਵਿਚ ਲਿਆਂਦਾ ਗਿਆ, ਤਾਂ ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਗਹਰਜਵੀਂ ਤੇ ਨਿੱਘ ਨਾਲ ਸ਼ਿੰਗਾਰੀ ਆਵਾਜ਼ ਵਿਚ ਕਿਹਾ ਕਿ ਇਹ ਸਿੱਖ ਮੇਰੇ 'ਪੰਜ ਪਿਆਰੇ' ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ-ਪੁਤਰਾਂ ਵਿਚੋਂ ਕੇਵਲ ਭਾਈ ਲਹਿਣਾ ਹੀ ਪਿਆਰਾ ਤੇ ਪਹਿਲਾ ਪਰਵਾਨ ਸਿੱਖ ਲੱਗਾ ਸੀ, ਤੇ ਉਹਨਾਂ ਆਪਣੇ ਅੰਗ ਨਾਲ ਲਾ ਕੇ ਭਾਈ ਲਹਿਣਾ ਜੀ ਨੂੰ ਇੰਨਾ ਪਿਆਰ ਕੀਤਾ ਕਿ ਪਿਆਰ-ਭੇਟ ਵੰਨੇ ਨੂੰ ਸਲਾਮਤਿ ਨਾਨਕ ਰਾਜ ਦੀ 'ਗੁਰਤਾ' ਪ੍ਰਦਾਨ ਕਰ ਦਿਤੀ ਸੀ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸ਼ਬਦ-ਗੁਰੂ ਦੀ ਤਾਬਿਆ, ਅੰਮ੍ਰਿਤ ਛਕਾ ਕੇ, ਸਿੰਘ-ਰੂਪ ਵਿਚ ਸਜ-ਸੰਵਾਰ ਕੇ. 'ਗੁਰੂ-ਰੂਪ' ਹੋਣ ਦਾ ਅਮਰ ਮਾਣ—ਵਰਦਾਨ ਬਖਸ਼ ਦਿਤਾ। ਜਦੋਂ ਪੰਜੇ ਸਿੱਖ ਪਿਆਰੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਪ੍ਰਾਪਤ ਕਰ ਰਹੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਨਾਨਕ ਦੇ ਰੂਪ ਵਿਚ 'ਗੁਰੂ' ਹਨ ਤੇ ਜਦੋਂ ਗੁਰੂ-ਰੂਪ ਪੰਜਾਂ ਸਿੱਖਾਂ-ਪਿਆਰਿਆਂ ਦੇ ਸਨਮੁਖ ਖੜੇ ਹੋ ਕੇ, ਗੁਰੂ ਗੋਬਿੰਦ ਸਿੰਘ ਜੀ ਗੁਰੂ 'ਕ੍ਰਿਪਾ' ਦੁਆਰਾ ਪ੍ਰਾਪਤ ਕੀਤੀ 'ਅੰਮ੍ਰਿਤ' ਦੀ ਦਾਤਿ ਮੰਗਦੇ ਹਨ, ਤਾਂ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ



www.AKJ.Org

ਸਿੱਖ 'ਚੇਲਾ' ਦਾ ਰੂਪ ਹੈ। 'ਸਿੱਖ ਚੇਲਾ' ਨੇ ਸਦਾ 'ਗੁਰੂ' ਕੋਲੋਂ ਹੀ ਅੰਮ੍ਰਿਤ ਪ੍ਰਾਪਤ ਕਰਨਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸੱਚ-ਅੰਮ੍ਰਿਤ, ਨਾਮ-ਅੰਮ੍ਰਿਤ, ਸ਼ਬਦ-ਅੰਮ੍ਰਿਤ, ਬਾਣੀ-ਅੰਮ੍ਰਿਤ, ਸਹਿਜ-ਅੰਮ੍ਰਿਤ ਤਾਂ ਸਾਰੇ ਗੁਰੂ- ਪਾਤਿਸ਼ਾਹਾਂ ਕੋਲ ਸੀ, ਅੰਮ੍ਰਿਤ ਜੀਵਨ ਗੁਰੂ ਦਾ ਸੀ ਜਾਂ ਸਿਖ ਦਾ ਸੀ, ਉਹ ਜਿਥੇ ਵੀ ਜਾਂਦਾ ਜਾਂ ਰਹਿੰਦਾ ਸੀ, ਆਲੇ ਦੁਆਲੇ ਆਤਮਕ ਪੱਧਰ ਉਤੇ ਅਬਿਚਲ ਨਗਰ, ਬੇਗਮਪੁਰਾ, ਸੱਚਖੰਡ, ਸੱਚੀ ਦਰਗਾਹ, ਨਿਰੰਕਾਰ ਦਾ ਦੇਸ਼ ਤੇ ਅਨੰਦਪੁਰ ਸਿਰਜ ਲੈਂਦਾ ਸੀ । ਦੱਸਾਂ ਗੁਰੂ-ਪਾਤਿਸ਼ਾਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣਤਾ ਇਹ ਹੈ ਕਿ ਉਹਨਾਂ ਨੇ ਧਰਤੀ ਉਤੇ ਸਾਕਾਰ ਰੂਪ ਵਿਚ, 'ਅਨੰਦਪੁਰ' ਵੀ ਸਿਰਜਿਆ, ਪ੍ਰੇਮ ਕਰਨ ਨੂੰ 'ਸੀਸ ਦੇਣ' ਦੇ ਬਿੰਬ ਵਿਚ ਵੀ ਸਿਰਜਿਆ, ਅੰਮ੍ਰਿਤ ਜੀਵਨ ਨੂੰ ਖੰਡੇ ਬਾਟੇ ਤੇ ਬਾਣੀ ਦੁਆਰਾ ਤਿਆਰ ਕੀਤਾ ਅੰਮ੍ਰਿਤ (ਇਤਿਹਾਸਕ ਪ੍ਰਸੰਗ ਵਿਚ) ਪ੍ਰਦਾਨ ਕਰ ਕੇ ਸਦਾ ਅਮਰ ਰਹਿਣ ਦਾ ਸਰੋਤ ਵੀ ਸਿਰਜਿਆ। ਸਿਖ ਨੂੰ ਸਿੰਘ, ਸੰਗਤ ਨੂੰ ਖਾਲਸਾ, ਗ੍ਰੰਥ ਤੇ ਪੰਥ ਨੂੰ 'ਗੁਰੂ' ਵੀ ਸਿਰਜਿਆ।

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿਰਜਨਾ ਅਰੰਭਕ ਤੇ ਬੁਨਿਆਦੀ ਨੀਹਾਂ ਵਾਲੀ ਸੀ। ਪਰ ਗੁਰੂ ਗੋਬਿੰਦ ਸਿੰਘ ਦੀ ਸਾਰੀ ਸਿਰਜਨਾ ਅੰਤਿਮ ਅਤੇ ਬੁਨਿਆਦੀ ਨੀਹਾਂ ਨੂੰ ਸੰਪੂਰਨਤਾ ਦਾ ਰੂਪ ਪ੍ਰਦਾਨ ਕਰਨ ਵਾਲੀ ਹੈ । ਅਨੰਦਪੁਰ, ਅੰਮ੍ਰਿਤ, ਸਿੰਘ, ਖਾਲਸਾ, ਗ੍ਰੰਥ ਤੇ ਪੰਥ ਇਹ ਸਾਰੇ ਚੂੰਕਿ 'ਸ਼ਬਦ-ਗੁਰੂ' ਕੇਂਦਰਿਤ ਹਨ, ਇਸ ਲਈ ਜਿਵੇਂ ਸ਼ਬਦ ਗੁਰੂ ਸੰਪੂਰਣ ਹੈ, ਇਸੇ ਤਰ੍ਹਾਂ ਇਹ ਸਾਰੇ ਕੌਮੀ-ਬੋਲ ਤੇ ਬਿੰਬ ਵੀ ਸੰਪੂਰਣਤਾ ਦੇ ਹੀ ਪ੍ਰਤੀਕ ਹਨ। ਜੋ ਸੰਪੂਰਣਤਾ ਦੀਆਂ ਮੁਹਰਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤ ਕੀਤੀਆਂ ਹਨ, ਖ਼ਾਸ ਕਰਕੇ 'ਆਪੇ ਗੁਰ ਚੇਲਾ' ਰਾਹੀਂ ਧਰਮ ਦੀ ਏਕਤਾ ਦਾ ਜੋ ਸੰਪੂਰਣ ਆਦਰਸ਼ ਸਿਰਜਿਆ ਤੇ ਸਥਾਪਿਤ ਕੀਤਾ ਹੈ, ਉਸ ਦੇ ਅਭਿਨੰਦਨ ਵਜੋਂ ਹੀ ਭਾਈ ਗੁਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਕਦੀ 'ਵਾਹੁ' ਕਹਿ ਕੇ ਯਾਦ ਕਰਦਾ ਹੈ ਅਤੇ ਕਦੀ 'ਆਪੇ ਗੁਰ ਚੇਲਾ' ਕਹਿ ਕੇ ਉਹਨਾਂ ਦੀ ਵਡਿਆਈ ਨੂੰ ਪ੍ਰਚੰਡ ਕਰਦਾ ਹੈ। ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਬਹੁ-ਪੱਖੀ ਹੁੰਦੀ ਹੋਈ ਵੀ, ਹਰ ਪੱਖੋਂ ਬੜੀ ਪ੍ਰਚੰਡ ਅਤੇ ਸੰਪੂਰਣਤਾ ਦੀ ਪ੍ਰਤੀਕ ਹੈ। ਸੰਪੂਰਣ ਹੋਣਾ ਹੀ ਗੁਰੂ-ਜੋਤਿ ਦੀ ਪ੍ਰਥਮ ਤੇ ਪ੍ਰਮਾਣੀਕ ਪਛਾਣ ਵੀ ਹੈ ਅਤੇ ਵਿਲੱਖਣ ਪ੍ਰਾਪਤੀ ਵੀ ਹੈ ।

---


## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੇਡਰਨ ਲੀਡਰ (ਰੀ:)<br>੧੦੨, ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੪-੯੧ — ਦਸਖ਼ਤ ਪਬਲਿਸ਼ਰ–ਸੇਵਾ ਸਿੰਘ



## ਖਾਲਸਾ ਜੀ ਦਾ ਗੁਰਮਤਿ ਆਦਰਸ਼

ਪਾਕਿਸਤਾਨੀ ਘਲੂਘਾਰੇ ਸਮੇਂ ਜਰਵਾਣਿਆਂ ਦੇ ਜ਼ੁਲਮਾਂ ਨੂੰ ਠਲ੍ਹ ਪਾਉਣ ਲਈ "ਸ਼ਹੀਦੀ ਦਲ" ਲੁਧਿਆਣਾ ਦੇ ਭਾ: ਸਾ: ਰਣਧੀਰ ਸਿੰਘ ਜੀ ਪ੍ਰਧਾਨ ਥਾਪੇ ਗਏ। ਓਦੋਂ ਭਾਈ ਸਾਹਿਬ ਨੇ ਸਿਖ ਕੌਮ ਨੂੰ "ਖਾਲਸਾ ਜੀ ਦਾ ਗੁਰਮਤਿ ਆਦਰਸ਼"ਨਾਮੀ ਟ੍ਰੈਕਟ ਰਾਹੀਂ ਸੰਦੇਸ਼ ਦਿਤਾ ਕਿ ਜ਼ਾਲਮਾਂ ਉਤਪਾਤੀਆਂ ਨੂੰ ਸੋਧਣਾ ਪ੍ਰਬੋਧਣਾ ਖਾਲਸਾ ਜੀ ਦਾ ਧੁਰ-ਧੁਰੰਦਰੀ ਧਰਮ ਹੈ, ਪਰ ਅਬਲਾਵਾਂ, ਬੱਚਿਆਂ, ਨਿਹੱਥੇ ਮਾਸੂਮਾਂ ਦਾ ਕਤਲ ਕਰਨਾ ਕੋਈ ਬਹਾਦਰੀ ਨਹੀਂ। ਭਾਈ ਸਾਹਿਬ ਜੀ ਦੀ ਨਿਧੜਕ ਤੇ ਅਮੋਲਕ ਲੇਖਣੀ ਨੂੰ ਸੁਰਖਿਅਤ ਕਰਨ ਲਈ ਇਹ ਟ੍ਰੈਕਟ ਦੁਬਾਰਾ ਹੁਣ ਛਾਪ ਦਿਤਾ ਗਿਆ ਹੈ। ਭੇਟਾ 0-75



www.AKJ.Org

# ਪੰਜਾਂ ਪਿਆਰਿਆਂ ਦੀ ਦਾਸਤਾਨ

[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥੧॥੨੩॥ [ਪੰਨਾ ੧੧੦੨]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ (ਅਨੰਦਪੁਰ) ਵਿਖੇ ਇਕ ਭਾਰੀ ਦੀਵਾਨ ਸਜਾ ਕੇ ਰੱਬੀ-ਤਲਵਾਰ ਦੀ ਧਾਰ ਹੇਠਾਂ ਇਕ ਅਨੋਖੀ ਪਰਖ ਕੀਤੀ। ਜਿਨ੍ਹਾਂ ਪੰਜਾਂ ਸਿਖਾਂ ਨੇ ਤਨ, ਮਨ, ਧਨ ਤੇ ਪਰਵਾਰ ਨਾਲੋਂ ਗੁਰੂ ਨੂੰ ਪਿਆਰਾ ਜਾਣ ਕੇ ਆਪਣਾ ਸੀਸ ਅਰਪਨ ਕੀਤਾ, ਉਨ੍ਹਾਂ ਨਾਲ ਸਤਿਗੁਰੂ ਜੀ ਨੇ ਭੀ ਅਜਿਹਾ ਪਿਆਰ ਕੀਤਾ। ਸੰਮਤ ੧੭੫੬ ਵੈਸਾਖੀ ਵਾਲੇ ਦਿਨ ਦਸਮੇਸ਼ ਗੁਰੂ ਜੀ ਨੇ ਇਹਨਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਇਹਨਾਂ ਦੀ ਸੰਗਿਆ 'ਪਿਆਰਾ' ਕਰ ਦਿੱਤੀ। ਗੁਰੂ-ਦਰਬਾਰ ਵਿਚ ਸਭ ਸਿੱਖਾਂ ਤੋਂ ਪਹਿਲਾਂ ਇਹਨਾਂ ਪੰਜਾਂ ਨੂੰ ਕੜਾਹ ਪ੍ਰਸ਼ਾਦ ਦੇਣ ਦਾ ਆਦੇਸ਼ ਦਿੱਤਾ, ਜਿਸ ਦੀ ਪਾਲਨਾ ਸਿਖ-ਜਗਤ ਹੁਣ ਤੱਕ ਕਰਦਾ ਆ ਰਿਹਾ ਹੈ।

## ੧. ਦਯਾ ਸਿੰਘ ਜੀ (ਜਥੇਦਾਰ)–

ਆਪ ਜੀ ਦਾ ਜਨਮ ਭਾਈ ਪਾਰੋ ਜੁਲਕਾ, ਜੋ ਸ੍ਰੀ ਗੁਰੂ ਅਮਰਦਾਸ ਜੀ ਦਾ ਨਿਕਟਵਰਤੀ (ਹਜ਼ੂਰੀ) ਸਿਖ ਹੋਇਆ ਹੈ, ਉਸ ਦੀ ਬੰਸ ਵਿਚ ਭਾਈ ਸੁਧੇ ਦੇ ਘਰ ਮਾਈ ਦਿਆਲੀ ਦੀ ਕੁਖ ਤੋਂ ਭਾਦਰੋਂ ੧੨, ਵੀਰਵਾਰ ਸੰਮਤ ੧੭੧੮ ਨੂੰ ਲਾਹੌਰ ਸ਼ਹਿਰ ਕੂਚਾ ਸੋਫ਼ਤੀ ਖਤ੍ਰੀਆਂ ਵਿਚ ਹੋਇਆ। ਆਪ ਜੀ ਦੇ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਜ਼ੂਰੀ ਵਿਚ ਸੇਵਾ ਕਰਦੇ ਰਹੇ। ਇਸ ਸਿਖੀ ਦੇ ਸੰਬੰਧ ਕਰਕੇ ਹੀ ਸੰਮਤ ੧੭੩੪ ਮਾਘ ਦੇ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਿਸ਼ਾਹ ਦੇ ਹਜ਼ੂਰ ਆਏ ਅਤੇ ਸੇਵਾ ਵਿਚ ਤਤਪਰ ਰਹੇ। ਸੰਮਤ ੧੭੫੬ ਵੈਸਾਖੀ ਵਾਲੇ ਦਿਨ ਜਦੋਂ ਦਸਮੇਸ਼ ਪਿਤਾ ਜੀ ਨੇ ਖਾਲਸਾ ਪੰਥ ਦੀ ਸਾਜਨਾ ਲਈ ਸਿਖੀ ਪਰਖਣ ਦਾ ਚੋਜ ਵਰਤਾਇਆ ਤਾਂ ਆਪ ਪਰਵਾਨ ਹੋਏ। ਕਲਗੀਧਰ ਜੀ ਨੇ ਸੰਮਤ ੧੭੬੨ ਵਿਖੇ ਦੀਨੇ ਤੋਂ ਜ਼ਫ਼ਰਨਾਮੇ ਵਾਲੀ ਚਿੱਠੀ ਦੇ ਕੇ ਭਾਈ ਦਯਾ ਸਿੰਘ ਜੀ ਨੂੰ ਔਰੰਗਜ਼ੇਬ ਪਾਸ ਭੇਜਿਆ, ਜੋ ਉਸ ਵੇਲੇ ਨੌਰੰਗਾਬਾਦ (ਦੱਖਣ) ਵਿਚ ਸੀ। ਆਪ ਜੀ ਨੇ ਔਰੰਗਜ਼ੇਬ ਨੂੰ ਚੰਗੇ ਧੜੱਲੇਦਾਰ ਨਿਡਰਤਾ ਵਾਲੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਔਰੰਗਜ਼ੇਬ ਨੇ ਹੈਰਾਨ ਤੇ ਪਰੇਸ਼ਾਨ ਹੋ ਕੇ ਸਤਿਗੁਰਾਂ ਦੇ ਚਰਨਾਂ ਵਿਚ ਉੱਤਰ ਲਿਖ ਭੇਜਿਆ। ਜਦੋਂ ਸਤਿਗੁਰੂ ਨੇ ਨਾਦੇੜ ਗੁਦਾਵਰੀ ਦਰਿਆ ਦੇ ਕਿਨਾਰੇ ਤੇ ਨਿਵਾਸ-ਅਸਥਾਨ ਕੀਤਾ, ਆਪ ਗੁਰੂ ਜੀ ਦੀ ਆਗਿਆ ਪਾ ਕੇ ਉਥੇ ਹੀ ਰਹੇ ਅਤੇ ਆਪ ਜੀ ਦਾ ਪਰਵਾਰ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਅੰਮ੍ਰਿਤਸਰ (ਪੰਜਾਬ) ਭੇਜ ਦਿਤਾ, ਅਤੇ ਮਾਤਾ ਜੀ ਦਿੱਲੀ ਰਹੇ।

ਭਾਈ ਦਯਾ ਸਿੰਘ ਜੀ ਨੇ ੧੧ ਅਸੂ, ਸੋਮਵਾਰ ਸੰਮਤ ੧੭੬੫ ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ ਸਰੀਰਕ ਚੋਲਾ ਛਡਿਆ। ਆਪ ਜੀ ਦਾ ਅੰਤਮ ਅਸਥਾਨ ਗੁਦਾਵਰੀ ਦੇ ਕਿਨਾਰੇ ਤੇ ਹੋਇਆ।

## ੨. ਭਾਈ ਧਰਮ ਸਿੰਘ ਜੀ–

ਪੁਰਾਤਨ ਲਿਖਤਾਂ ਵਿਚ ਆਪ ਜੀ ਦਾ ਜਨਮ ਹਸਤਨਾਪੁਰ ਦਾ ਹੈ, ਪਰ ਗਿ: ਠਾਕਰ ਸਿੰਘ ਜੀ ਲਿਖਦੇ ਹਨ ਕਿ ਖੋਜ ਕਰਨ ਤੋਂ ਪਤਾ ਲੱਗਦਾ ਹੈ ਜੁ ਆਪ ਦਾ ਜਨਮ ਜ਼ਿਲ੍ਹਾ ਸਹਾਰਨਪੁਰ ਜਟਵਾੜੇ ਦਾ ਹੈ। ਆਪ ਦੀ ਜਾਤੀ ਦੇ ਹਠੀਲੇ ਜ਼ਿਮੀਦਾਰ ਇਥੇ ਵਸਦੇ ਹਨ। ਇਨ੍ਹਾਂ ਦੀ ਬੰਸ ਵਿਚੋਂ ਸਰਦਾਰ ਜੋਧ ਸਿੰਘ ਜੀ ਕਲਗੀਆਂ ਵਾਲੇ ਗੁਰੂ ਦੇ ਰਸਾਲਦਾਰ ਰਹੇ। ਆਪ ਜੀ ਦਾ ਜਨਮ ਕੱਤਕ ੭ ਸੰਮਤ ੧੭੨੪ ਨੂੰ ਪਿਤਾ ਸੰਤ ਰਾਮ, ਮਾਤਾ ਜੱਸੀ ਦੀ ਉਦਰ ਤੋਂ ਹੋਇਆ। ਆਪ ਸ੍ਰੀ ਗੁਰੂ ਕਲਗੀਧਰ ਜੀ ਦੇ ਹਜ਼ੂਰ ਸੰਮਤ ੧੭੩੫ ਨੂੰ ਫਗਣ ਦੇ ਮਹੀਨੇ ਵਿਚ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਮੇਲੇ ਉਤੇ ਆਏ ਅਤੇ ਦਰਸ਼ਨ ਕਰਕੇ ਇਥੋਂ ਹੀ



www.AKJ.Org

ਰਹਿ ਪਏ। ਵੈਸਾਖੀ ਸੰਮਤ ੧੭੫੬ ਨੂੰ ਗੁਰੂ-ਚਰਨਾਂ ਵਿਚ ਸੀਸ ਭੇਟ ਕੀਤਾ। ਗੁਰਦੇਵ ਜੀ ਨੇ ਅੰਮ੍ਰਿਤ ਛਕਾ ਕੇ ਧਰਮ ਸਿੰਘ ਨਾਮ ਰਖਿਆ ਤੇ 'ਪਿਆਰੇ' ਦੀ ਅਟੱਲ ਪੱਦਵੀ ਬਖ਼ਸ਼ੀ।

ਆਪ ਜੀ ਦਾ ਅਕਾਲ ਚਲਾਣਾ ਸ੍ਰੀ ਚਮਕੌਰ ਸਾਹਿਬ ਦੇ ਅਸਥਾਨ ਉੱਤੇ ਵੱਡੇ ਸਾਹਿਬਜ਼ਾਦਿਆਂ ਦੇ ਨਾਲ ਹੀ ਰਣਭੂਮੀ ਵਿਚ ੮ ਪੋਹ ਸੰਮਤ ੧੭੬੧ ਨੂੰ ਹੋਇਆ।

**੩. ਭਾਈ ਸਾਹਿਬ ਸਿੰਘ ਜੀ–**

ਆਪ ਜੀ ਦਾ ਜਨਮ ਨੰਗਲ ਸ਼ਹੀਦਾਂ ਦਾ, ਜੋ ਹੁਸ਼ਿਆਰਪੁਰ ਤੋਂ ੪ ਮੀਲ ਦੀ ਵਿਥ ਉੱਤੇ ਦੁਆਬੇ ਵਿਚ ਹੈ, ਚਮਨ ਰਾਮ ਨਾਈ ਦੇ ਘਰ ਮਾਤਾ ਬਿਸ਼ਨ ਦੇਈ ਜੀ ਦੀ ਕੁਖ ਤੋਂ ਹਾੜ ੪ ਸੋਮਵਾਰ ਸੰਮਤ ੧੭੨੨ ਨੂੰ ਹੋਇਆ। ਆਪ ਸੰਮਤ ੧੭੩੮ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਆਏ ਅਤੇ ਸੰਮਤ ੧੭੫੬ ਵਿਸਾਖੀ ਨੂੰ ਸਿੱਖੀ ਦੀ ਪਰਖ ਵਿਚੋਂ ਪੂਰੇ ਉਤਰੇ। ਕਲਗੀਧਰ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ, ਜਾਤ ਪਾਤ ਦਾ ਭਰਮ-ਭੇਦ ਮਿਟਾ ਕੇ 'ਪਿਆਰਾ' ਕਹਿ ਕੇ ਨਿਵਾਜਿਆ।

ਆਪ ਜੀ ਦਾ ਅੰਤਮ ਅਸਥਾਨ ਚਮਕੌਰ ਸਾਹਿਬ ਹੈ, ਜਿਥੇ ੮ ਪੋਹ ਸੰਮਤ ੧੭੬੧ ਦੇ ਯੁੱਧ ਵਿਚ ਸ਼ਹੀਦੀ ਪਾ ਗਏ। ਆਪ ਜੀ ਦੇ ਬੰਸ ਦੇ ਸਿੰਘ ਨੰਗਲ ਸ਼ਹੀਦਾਂ ਹੁਸ਼ਿਆਰਪੁਰ ਦੇ ਨੇੜੇ ਹੀ ਵਸਦੇ ਹਨ ਅਤੇ ਉਥੇ ਇਹਨਾਂ ਦੀ ਯਾਦਗਾਰ ਬਣਾਈ ਹੋਈ ਹੈ।

**੪. ਭਾਈ ਹਿੰਮਤ ਸਿੰਘ ਜੀ–**

ਆਪ ਜੀ ਦਾ ਜਨਮ ਜਗਨ ਨਾਥ (ਉੜੀਸਾ) ਵਿਖੇ ਹੋਇਆ ਦਸਿਆ ਜਾਂਦਾ ਹੈ, ਪਰ ਖੋਜ ਕਰਨ ਤੋਂ ਗਿ: ਠਾਕਰ ਸਿੰਘ ਜੀ ਨੂੰ ਪਤਾ ਲਗਾ ਕਿ ਆਪ ਦਾ ਜਨਮ ਪਿੰਡ ਸੰਗਤਪੁਰਾ (ਪਟਿਆਲਾ) ਵਿਚ ਭਾਈ ਜੋਤੀ ਰਾਮ ਝੀਵਰ ਮਾਈ ਰਾਮੋ ਜੀ ਦੀ ਕੁਖੋਂ ਮਾਘ ੫, ਦਿਨ ਸੋਮਵਾਰ, ਸੰਮਤ ੧੭੧੮ ਨੂੰ ਹੋਇਆ। ਆਪ ਸੰਮਤ ੧੭੩੫ ਚੇਤਰ ੭ ਨੂੰ ਗੁਰੂ ਮਹਾਰਾਜ ਦਾ ਦਰਸ਼ਨ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਜੀ ਆਏ ਅਤੇ ਇਥੇ ਹੀ ਰਹੇ। ਲੰਗਰ ਆਦਿ ਦੀ ਸੇਵਾ ਕਰਕੇ ਜਨਮ ਸਫਲ ਕੀਤਾ। ਸੰਮਤ ੧੭੫੬ ਵਿਸਾਖੀ ਵਾਲੇ ਦਿਨ ਪ੍ਰੀਖਿਆ ਚੋਂ ਪਾਸ ਹੋਏ। ਆਪ ਜੀ ਨੂੰ ਗੁਰਦੇਵ ਪਿਤਾ ਜੀ ਨੇ ਨਾਲ ਦੇ ਚਾਰ ਪਿਆਰਿਆਂ ਦੇ ਨਾਲ ਹੀ ਆਪਣੇ ਪਾਵਨ ਕਰ-ਕਮਲਾਂ ਨਾਲ ਅੰਮ੍ਰਿਤ ਛਕਾਇਆ। ਜਾਤ ਪਾਤ ਦਾ ਭਰਮ ਮਿਟਾ ਕੇ 'ਪਿਆਰਾ' ਬਣਾ ਕੇ ਸਿੰਘ ਸਰੂਪ ਸਜਾ ਦਿੱਤਾ। ਸ੍ਰੀ ਚਮਕੌਰ ਸਾਹਿਬ ਦੇ ਯੁੱਧ ਵਿਚ ੮ ਪੋਹ ਸੰਮਤ ੧੭੬੧ ਨੂੰ ਆਪ ਸ਼ਹੀਦੀ ਪਾ ਗਏ। ਆਪ ਦੀ ਕੋਈ ਸੰਤਾਨ ਨਹੀਂ ਸੀ।

**5. ਭਾਈ ਮੁਹਕਮ ਸਿੰਘ ਜੀ–**

ਆਪ ਦਾ ਜਨਮ ਬੂੜੀਏ ਸ਼ਹਿਰ ਦਾ ਹੈ। ਆਪ ਦੇ ਪਿਤਾ ਭਾਈ ਤੀਰਥ ਰਾਮ ਅਤੇ ਮਾਤਾ ਸੁਖਦੇਵੀ ਜੀ ਸਨ। ਐਤਵਾਰ ਜੇਠ ੨੨ ਸੰਮਤ ੧੭੩੩ ਨੂੰ ਆਪ ਦਾ ਜਨਮ ਹੋਇਆ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਰਨ ਵਿਚ ੭ ਮਾਘ ਸੋਮਵਾਰ ਸੰਮਤ ੧੭੪੨ ਨੂੰ ਅਨੰਦਪੁਰ ਸਾਹਿਬ ਆਏ ਅਤੇ ਫਿਰ ਇਥੇ ਹੀ ਰਹੇ।

ਵੈਸਾਖ ੧, ਸੰਮਤ ੧੭੫੬ ਨੂੰ ਗੁਰੂ ਜੀ ਵਲੋਂ ਰਖੀ ਪ੍ਰੀਖਿਆ ਚੋਂ ਸਿਦਕ ਨਾਲ ਪੂਰੇ ਉਤਰੇ। ਅੰਮ੍ਰਿਤ ਛਕਾ ਕੇ 'ਪਿਆਰਾ' ਪੱਦਵੀ ਬਖਸ਼ ਕੇ ਗੁਰੂ ਜੀ ਨੇ ਨਿਹਾਲ ਕੀਤਾ। ਆਪ ਵੀ ੮ ਪੋਹ, ਸੰਮਤ ੧੭੬੧ ਨੂੰ ਸ੍ਰੀ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋਏ। ਇਹਨਾਂ ਦੀ ਬੰਸ ਵਿਚ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ (ਕਰਤਾ ਸੂਰਜ ਪ੍ਰਕਾਸ਼ ਆਦਿ) ਦਾ ਜਨਮ ਬੂੜੀਏ ਜ਼ਿਲ੍ਹਾ ਅੰਬਾਲਾ ਵਿਚ ਹੋਇਆ।

ਅੰਮ੍ਰਿਤ ਛਕਣ ਤੋਂ ਪਹਿਲਾਂ ਇਨ੍ਹਾਂ ਪੰਜਾਂ ਦੇ ਨਾਮ ਦਯਾ ਰਾਮ, ਧਰਮ ਦਾਸ, ਮੁਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਦਾਸ ਸਨ; ਪਾਹੁਲ ਛਕਾ ਕੇ, ਰਾਮ, ਦਾਸ ਔਰ ਚੰਦ ਦੀ ਥਾਂ "ਸਿੰਘ" ਲਾ ਦਿੱਤਾ। ਇਨ੍ਹਾਂ ਸਾਰਿਆਂ ਦੇ ਨਾਉਂ ਇਸ ਕਰਕੇ ਨਹੀਂ ਬਦਲੇ ਗਏ ਸਨ ਕਿਉਂਕਿ ਇਹ ਨਾਉਂ ਗੁਰਬਾਣੀ ਵਿਚੋਂ ਹੀ ਰਖੇ ਹੋਏ ਸਨ।

ਪੰਜਾਂ ਪਿਆਰਿਆਂ ਦੀ ਪ੍ਰਧਾਨਤਾ ਬਾਰੇ ਸਮੂਹ ਸਿੱਖ ਜਗਤ ਜਾਣੂ ਹੈ ਕਿ ਇਹਨਾਂ ਨੇ ਕਿਵੇਂ ਸੀਸ ਭੇਟ ਕਰਕੇ



www.AKJ.Org

ਗੁਰੂ ਪਾਸੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਹਨਾਂ *ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਜਾਚਨਾ ਕਰਕੇ ਅੰਮ੍ਰਿਤ ਛਕਿਆ। ਗੋਬਿੰਦ ਦਾਸ ਤੋਂ 'ਗੋਬਿੰਦ ਸਿੰਘ' ਨਾਮ ਰਖਾਇਆ।

**ਇਕ ਭੁਲੇਖੇ ਦਾ ਸਪੱਸ਼ਟੀਕਰਨ–**

ਅੰਮ੍ਰਿਤ ਛਕਾਉਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੇ ਸੀਸ ਭੇਟ ਦੀ ਥਾਂ 'ਬਕਰੇ ਝਟਕਾਉਣ' ਵਾਲੀ ਕਹਾਣੀ ਜੋ ਕਈ ਇਤਿਹਾਸਕਾਰਾਂ ਨੇ ਲਿਖੀ ਹੈ, ਓਹ ਗੁਰਮਤਿ ਸਿਧਾਂਤਾਂ ਦੇ ਉਲਟ ਅਤੇ ਹੇਠ ਲਿਖੀ ਸਮਕਾਲੀ ਗਵਾਹੀ ਦੀ ਹੋਂਦ ਵਿਚ ਉੱਕੀ ਹੀ ਨਿਰਮੂਲ ਹੈ :–

"ਅਬੂਉਲ ਤਰਾਨੀ" ਪਹਿਲਾਂ ਬ੍ਰਾਹਮਣ ਸੀ, ਫੇਰ ਮੁਸਲਮਾਨ ਹੋ ਗਿਆ ਅਤੇ ਔਰੰਗਜ਼ੇਬ ਵਲੋਂ ਸ੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਬ੍ਰਾਹਮਣ ਦਾ ਰੂਪ ਧਾਰ, ਟਿੱਕਾ ਲਾ, ਜਨੇਊ ਪਾ, ਧੋਤੀ ਬੰਨ੍ਹ ਕੇ ਰਹਿੰਦਾ ਸੀ ਅਤੇ ਦਰਬਾਰ ਦੀ ਰੀਪੋਰਟ ਦਿੱਲੀ ਔਰੰਗਜ਼ੇਬ ਨੂੰ ਭੇਜਦਾ ਸੀ। ਇਹ ਦਸਮੇਸ਼ ਜੀ ਦੇ ਮਾਲੀ ਗੁਲਾਬੇ ਕੋਲ, ਜਿਹੜਾ ਫੁੱਲਾਂ ਦੇ ਬੂਟੇ ਆਦਿ ਲਾਉਂਦਾ ਸੀ, ਰਹਿੰਦਾ ਸੀ। ਦਸਮੇਸ਼ ਜੀ ਦੇ ਦਰਬਾਰ ਵਿਚ ਜਾਂਦਾ ਅਤੇ ਉਹਨਾਂ ਦੇ ਚਰਨਾਂ ਤੇ ਡੰਡਵਤ ਪਰਨਾਮ ਕਰਦਾ ਸੀ ਅਤੇ ਅਗੋਂ ਜਾਣੀ-ਜਾਣ ਦਸਮੇਸ਼ ਪਿਤਾ ਜੀ ਹੱਸ ਛੱਡਦੇ ਸਨ। ਸ਼ਾਇਦ ਉਹਨਾਂ ਨੂੰ ਇਸ ਦੇ ਪਖੰਡ ਦੰਭ ਤੇ ਜਸੂਸੀ ਦਾ ਇਲਮ ਹੋਵੇ। ਭਾਈ ਵੀਰ ਸਿੰਘ ਦਸਮੇਸ਼ ਚਮਤਕਾਰ ਵਿਚ ਅਬੂਉਲ ਤਰਾਨੀ ਦਾ ਜ਼ਿਕਰ ਕਰਦਾ ਹੈ ਕਿ ਅਬੂਉਲ ਤਰਾਨੀ ਡੇਢ ਦੋ ਸਾਲ ਇਸੇ ਤਰ੍ਹਾਂ ਸਤਿਗੁਰਾਂ ਦੇ ਦਰਬਾਰ ਦੀ ਜਸੂਸੀ ਕਰਦਾ ਰਿਹਾ। ਇਹ ਅਬੂਉਲ ਤਰਾਨੀ ਉਸ ਕਿਤਾਬ ਵਿਚ ਇਸ਼ ਤਰ੍ਹਾਂ ਲਿਖਦਾ ਹੈ ਕਿ :–

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਅੰਮ੍ਰਿਤ ਤਿਆਰ ਕੀਤਾ, ਦੀਵਾਨ ਵਿਚ ਹਾਜ਼ਰੀ ੩੫-੪੦ ਹਜ਼ਾਰ ਸੀ। ਮੁਗ਼ਲਾਂ ਦੇ ਚਾਰ ਤਖ਼ਤ ਸਨ–ਦਿੱਲੀ, ਆਗਰਾ, ਲਾਹੌਰ ਅਤੇ ਕਲਾਨੌਰ, ਪਰ ਗੁਰੂ ਦੇ ਤਖ਼ਤ ਦੀ ਸ਼ੋਭਾ ਨਿਰਾਲੀ ਸੀ। ਇਹ ਤਖ਼ਤ ਮੁਗਲ ਬਾਦਸ਼ਾਹ ਦੇ ਤਖ਼ਤ ਨੂੰ ਮਾਤ ਕਰਦਾ ਸੀ। ਉਸ ਦਿਨ ਲਿਬਾਸ ਚੜ੍ਹਤ ਜਲਾਲ ਅਤੇ ਤੇਜ ਅਝੱਲਵਾਂ ਸੀ। ਗੁਰੂ ਜੀ ਦਰਬਾਰ ਵਿਚ ਆਏ ਅਤੇ ਕਿਰਪਾਨ ਨੂੰ ਮਿਆਨ ਵਿਚੋਂ ਕੱਢ ਨੰਗੀ ਕਰ ਕੇ ਫੜ, ਬਾ-ਅਵਾਜ਼ ਬੁਲੰਦ ਕਿਹਾ, "ਮੈਨੂੰ ਇਕ ਸਿਰ ਦੀ ਲੋੜ ਹੈ।" ਬਗ਼ੈਰ ਦੇਰੀ ਨਾਲ ਸੋਚ ਵਿਚਾਰ ਅਤੇ ਹੀਲ-ਹੁਜਤ ਦੇ ਦਯਾ ਸਿੰਘ ਆ ਹਾਜ਼ਰ ਹੋਇਆ। ਗੁਰੂ ਨੇ ਭਰੇ ਦਰਬਾਰ ਵਿਚ ਜਿਥੇ ਓਹ ਖਲੋਤੇ ਸਨ, ਸਭਨਾਂ ਦੇ ਸਾਹਮਣੇ ਇਕ ਵਾਰ ਕੀਤਾ ਅਤੇ ਸਿਰ ਧੜ ਦੇ ਨਾਲੋਂ ਜੁਦਾ ਹੋ ਗਿਆ। ਦੀਵਾਨ ਵਿਚ ਸਨਸਨੀ ਫੈਲ ਗਈ ਅਤੇ ਬਹੁਤੇ ਆਦਮੀ ਸਤੰਬ ਅਤੇ ਅਵਾਕ ਰਹਿ ਗਏ। ਗੁਰੂ ਜੀ ਨੇ ਫਿਰ ਗਰਜਵੀਂ ਤੇ ਕੜਕਵੀਂ ਅਵਾਜ਼ ਵਿਚ ਕਿਹਾ, "ਮੈਨੂੰ ਇਕ ਹੋਰ ਸਿਰ ਦੀ ਲੋੜ ਹੈ।" ਝੱਟ ਧਰਮ ਸਿੰਘ ਉਠਿਆ, ਜਾ ਗੁਰੂ ਜੀ ਨੂੰ ਨਮਸ਼ਕਾਰ ਕੀਤੀ ਅਤੇ ਗੁਰੂ ਨੇ ਇਕੋ ਵਾਰ ਨਾਲ ਇਸ ਦਾ ਸਿਰ ਵੀ ਧੜ ਤੋਂ ਵੱਖ ਕਰ ਦਿੱਤਾ। ਦੀਵਾਨ ਵਿਚ ਹਲਚਲੀ ਮਚ ਗਈ, ਭਾਜੜ ਪੈ ਗਈ। ਗੁਰੂ ਨੇ ਫੇਰ ਬਾ-ਆਵਾਜ਼ ਬੁਲੰਦ ਇਕ ਸਿਰ ਹੋਰ ਮੰਗਿਆ। ਅਤੇ ਯਕੇ ਬਾਦ ਦੀਗਰੇ ਹਿੰਮਤ ਸਿੰਘ, ਮੁਹਕਮ ਸਿੰਘ ਇਹਨਾਂ †ਪੰਜਾਂ ਨੂੰ ਕਤਲ ਕਰ ਦਿੱਤਾ, ਸਿਰ ਵੱਖਰੇ ਕਰ ਦਿੱਤੇ।

(ਵੈਸਾਖੀ ਦੀ ਸਾਖੀ–ਵੈਦ ਗੁਰਚਰਨ ਸਿੰਘ)

---

* ਨੋਟ :–੧. ਪੰਜਾਂ ਵਿਚੋਂ ਕਿਸੇ ਨੂੰ ਨਾਮਦੇਵ ਦਾ, ਕਿਸੇ ਨੂੰ ਧੰਨੇ ਦਾ ਅਤੇ ਕਿਸੇ ਨੂੰ ਸੈਣ ਦਾ ਅਵਤਾਰ ਦਸਣਾ ਮਨਘੜਤ ਗੱਲਾਂ ਹਨ। ਇਹ ਖਾਲਸਾ ਪੰਥ ਦੇ ਚਮਕਦੇ ਸਿਤਾਰੇ ਸਾਰੇ ਸੰਸਾਰ ਲਈ ਚਾਨਣ-ਮੁਨਾਰਾ ਹਨ, ਜਿਨ੍ਹਾਂ ਦੀ ਅਗਵਾਈ ਵਿਚ ਸਭ ਨੇ ਜੀਵਨ-ਜਾਚ ਸਿਖਣੀ ਹੈ।

੨. ਪੰਜਾਂ ਪਿਆਰਿਆਂ ਦਾ ਜੀਵਨ ਬਿਓਰਾ ਗਿ: ਠਾਕਰ ਸਿੰਘ ਜੀ ਦੀ ਖੋਜ ਦੇ ਅਧਾਰ ਤੇ ਦਿੱਤਾ ਹੈ।

† ਨੋਟ :–ਪੁਰਾਤਨ ਗੁਟਕਿਆਂ ਵਿਚ ਅੰਕਿਤ ਅਰਦਾਸ ਅੰਦਰ ਪੰਜਾਂ ਪਿਆਰਿਆਂ ਅਤੇ ਚਹੁੰਆਂ ਸਾਹਿਬਜ਼ਾਦਿਆਂ ਦੇ ਨਾਂ ਦਰਜ ਹਨ, ਪਰ ਵਰਤਮਾਨ ਅਰਦਾਸ ਵਿਚ ਸਿਵਾਏ ਸਤਿਗੁਰਾਂ ਦੇ ਕਿਸੇ ਵਿਅਕਤੀ ਦਾ ਨਾਮ ਅੰਕਿਤ ਨਹੀਂ ਹੈ। ਹੋ ਸਕਦਾ ਹੈ ਕਿ ਅਰਦਾਸ ਦੀ ਇਕ-ਸਾਰਤਾ ਲਈ ਏਦਾਂ ਦੀ ਵਿਵਸਥਾ ਕੀਤੀ ਗਈ ਹੋਵੇ। "ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ॥" (ਭਾ; ਗੁ: ੩/੧੮) ਦੇ ਪਖੋਂ ਸਾਰੇ ਸ਼ਹੀਦਾਂ ਦੇ ਨਾਂ ਅਰਦਾਸ ਵਿਚ ਲੈਣੇ ਸੰਭਵ ਨਹੀਂ ਹਨ। ਪੰਜਾਂ ਪਿਆਰਿਆਂ ਤੇ ਚਾਰ ਸਾਹਿਬਜ਼ਾਦਿਆਂ ਦਾ ਨਾਮ ਨਾ ਲੈਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਗਿਆਸਆਂ ਦੇ ਹਿਰਦਿਆਂ ਵਿਚ ਭੈ-ਭਾਵਨੀ ਤੇ ਸਤਿਕਾਰ ਹੋਣਾ ਚਾਹੀਦਾ ਹੈ। ਸੋ ਸਮੂਹ ਸ਼ਹੀਦਾਂ ਨੂੰ ਨਮਸਕਾਰ ਤੇ ਉਨ੍ਹਾਂ ਦੀ ਜੈ ਜੈ ਕਰਨੀ ਹੀ ਸ਼ੋਭਦੀ ਹੈ।

["ਅਰਦਾਸ ਪਰੰਪਰਾ ਅਤੇ ਸ਼ਕਤੀ" ਪੁਸਤਕ ਵਿਚੋਂ]

www.AKJ.Org

# ਜਿਨ੍ਹਾਂ ਦੇਗ ਚਲਾਈ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਦੇਗ ਦਾ ਲਫ਼ਜ਼ੀ ਅਰਥ ਹੈ ਖੁਲ੍ਹੇ ਮੂੰਹ ਵਾਲਾ, ਵੱਡੇ ਆਕਾਰ ਵਾਲਾ ਭਾਂਡਾ, ਜਿਸ ਵਿਚ ਲੰਗਰ ਪਕਾਇਆ ਜਾਂਦਾ ਹੈ। ਇਸ ਦਾ ਖੁਲ੍ਹਾ ਮੂੰਹ ਤੇ ਵੱਡਾ ਆਕਾਰ ਉਸ ਉਦਾਰਤਾ, ਉਸ ਫ਼ਰਾਖ਼-ਦਿਲੀ ਦਾ ਸੰਕੇਤ ਦੇਂਦੇ ਹਨ ਜਿਸ ਨਾਲ ਦੈਵੀ ਮਿਹਰ ਸਾਡੀ ਪ੍ਰਤਿਪਾਲਨਾ ਕਰਦੀ ਹੈ।[1]

ਦੇਗ ਦੀ ਜ਼ਰੂਰਤ ਸਾਡੇ ਜੀਵਨ ਦੀ ਵੱਡੀ ਬੁਨਿਆਦੀ ਜ਼ਰੂਰਤ ਹੈ। ਇਹ ਸਾਡੇ 'ਅੰਨ ਮੈ ਕੋਸ਼' ਦੀ ਲੋੜ ਹੈ। ਦੇਗ ਸਾਡੀ ਸਰੀਰਕ ਸ਼ਕਤੀ ਦਾ ਸੋਮਾ ਹੈ, ਸੁਅਸਥ ਦਾ ਸੂਤ ਹੈ। ਇਸ ਤੋਂ ਬਿਨਾ ਸ਼ਕਤੀ ਤਾਂ ਨਹੀਂ ਆਉਂਦੀ, ਭਗਤੀ ਵੀ ਨਹੀਂ ਹੁੰਦੀ। ਤਦੇ ਹੀ ਤਾਂ ਭਗਤ, ਰੱਬ ਨੂੰ ਨਿਹੋਰਾ ਮਾਰ ਕੇ, ਆਖ ਦੇਂਦਾ ਹੈ :

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥ –ਸੋਰਠਿ ਕਬੀਰ (੬੫੬/੧੩)

ਉਹ ਵੀ ਰੱਬ ਪਾਸੋਂ ਨਿਝੱਕ ਹੋ ਦੇਗ ਦੀ ਮੰਗ ਕਰਦਾ ਹੈ :

ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥ –ਸੋਰਠਿ ਕਬੀਰ (੬੫੬/੧੪)

ਸਤਿਗੁਰਾਂ ਵਲੋਂ ਦੇਗ ਦੀ ਦਾਤਿ ਖ਼ਾਲਸੇ ਨੂੰ ਇਸ ਲਈ ਮਿਲੀ ਹੈ ਕਿ ਐਸਾ ਨਿਹੋਰਾ ਮਾਰਨ ਦੀ ਲੋੜ ਨ ਪਵੇ; ਕਿਸੇ ਦੀ ਭਗਤੀ ਵਿਚ ਉਸ ਦੀ ਭੁੱਖ ਰੁਕਾਵਟ ਨਾ ਪਾਵੇ, ਕਿਸੇ ਦਾ ਸਿਮਰਨ ਪੇਟ ਦੇ ਦੁੱਖੋਂ ਖੜੋ ਨਾ ਜਾਵੇ।

ਸਿਖ ਇਸਤਲਾਹ ਵਿਚ 'ਦੇਗ' ਸ਼ਬਦ ਕੜਾਹ ਪ੍ਰਸਾਦਿ ਵਾਸਤੇ ਵੀ ਵਰਤਿਆ ਜਾਂਦਾ ਹੈ, ਲੰਗਰ ਵਾਸਤੇ ਵੀ। ਕੜਾਹ ਪ੍ਰਸਾਦਿ ਨੂੰ ਤਾਂ 'ਪ੍ਰਸਾਦਿ' ਕਿਹਾ ਹੀ ਜਾਂਦਾ ਹੈ, ਲੰਗਰ ਵਿਚ ਵੀ ਪ੍ਰਸਾਦਿ ਹੀ ਛਕਿਆ ਜਾਂਦਾ ਹੈ। ਇਉਂ ਦੇਗ ਵਿਚ ਵਾਹਿਗੁਰੂ ਦੇ ਸਦ-ਪ੍ਰਤਿਪਾਲਕ ਪ੍ਰਸਾਦਿ ਦਾ ਟਹੱਸ ਹੈ। ਇਹੋ ਗੁਰਪ੍ਰਸਾਦਿ ਦਾ ਸੰਕੇਤ ਹੈ। ਅੰਜਲੀ ਵਿਚ ਪ੍ਰਸਾਦਿ ਲੈਣ ਵਾਲਾ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਵਾਲਾ ਸਦਾ ਵਰੋਸਾਇਆ ਜਾਂਦਾ ਹੈ। ਦੇਗ ਵਾਹਿਗੁਰੂ ਜੀ ਦੀ ਅਨੰਤ ਮਿਹਰਾਮਤ ਦਾ ਪ੍ਰਤੱਖ ਪ੍ਰਮਾਣ ਹੈ।

ਦੇਗ ਰਾਹੀਂ ਸਿਦਕ ਪ੍ਰਪੱਕ ਹੁੰਦਾ ਹੈ। ਜਿਸ ਦਾ ਦਿੱਤਾ ਅਸੀਂ ਖਾਂਦੇ ਹਾਂ ਉਸ ਨੂੰ ਚੇਤੇ ਰਖਣਾ, ਉਸ ਦਾ ਸ਼ੁਕਰਾਨਾ ਕਰਨਾ, ਉਸ ਦੀ ਸਿਫ਼ਤ ਸਲਾਹ ਕਰਨੀ, ਉਸ ਨੂੰ ਸ਼ਾਬਾਸ਼ ਆਖਣਾ ਸਾਨੂੰ ਬਣ ਆਉਂਦਾ ਹੈ।[2] ਲੰਗਰ ਵਿਚ ਵਾਹਿਗੁਰੂ ਦੀ ਮੇਹਰ ਦਾ ਦੀਦਾਰ ਹੋਂਦਾ ਹੈ। ਉਸ ਦੀ ਪ੍ਰਤਿਪਾਲਨਾ ਨਾਲ ਮੇਲ ਹੁੰਦਾ ਹੈ। ਪ੍ਰੋ: ਪੂਰਨ ਸਿੰਘ ਨੇ ਲੰਗਰ ਨੂੰ 'ਅੰਨ ਦਾ ਮੰਦਰ' (Temple of bread) ਕਿਹਾ ਹੈ। ਇਥੇ ਈਸ਼ਵਰੀ ਮਿਹਰਾਮਤ ਤੇ ਮਾਨਵੀ ਲੋੜਵੰਦੀ ਦਾ ਉਚੇਚਾ ਵਿਹਾਰਕ ਆਦਾਨ-ਪ੍ਰਦਾਨ ਹੁੰਦਾ ਹੈ।

ਦੇਗ ਦੀ ਬਖ਼ਸ਼ਿਸ਼ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਈ ਸੀ। ਪਹਿਲੀ ਉਦਾਸੀ ਦੇ ਦੌਰਾਨ ਜਦੋਂ ਉਹ ਸੁਲਤਾਨਪੁਰ ਤੋਂ ਏਮਨਾਬਾਦ ਨੂੰ ਰਵਾਨਾ ਹੋਏ ਤਾਂ ਸੁਲਤਾਨਪੁਰ ਤੋਂ ਕੁਝ ਕੋਹ ਦੂਰ ਇਕ ਰਮਣੀਕ ਥਾਂ ਵੇਖ ਕੇ ਉਥੇ ਉਨ੍ਹਾਂ ਬਿਸਰਾਮ ਕੀਤਾ। ਉਥੋਂ ਦਾ ਚੌਧਰੀ ਭਾਈ ਤਾਰਾ ਦਰਸ਼ਨਾਂ ਨੂੰ ਆਇਆ। ਬਾਬੇ ਨੇ ਉਸ ਪਾਸੋਂ ਤਿੰਨ ਵਸਤਾਂ—ਆਟਾ, ਘਿਉ ਤੇ ਖੰਡ—ਮੰਗਵਾਈਆਂ। ਫਿਰ ਮਰਦਾਨੇ ਨੂੰ ਦੇਗ ਕਰਨ ਦੀ ਵਿਧੀ ਸਮਝਾਈ। ਜਦ ਦੇਗ ਤਿਆਰ ਹੋ ਗਈ ਤਾਂ ਵਾਹਿਗੁਰੂ ਅੱਗੇ ਅਰਦਾਸ ਕਰ, ਉਨ੍ਹਾਂ ਹਾਜ਼ਰ ਪ੍ਰਾਣੀਆਂ ਵਿਚ ਵਰਤਾ ਦਿੱਤੀ। ਮਰਦਾਨੇ ਨੇ ਛਕੀ ਤਾਂ ਬੋਲਿਆ, "ਬਾਬਾ ਐਸਾ ਪਵਿੱਤਰ ਆਹਾਰ ਤਾਂ ਹਰ ਰੋਜ਼ ਮਿਲਣਾ ਚਾਹੀਦਾ।" ਤਦ ਬਾਬਾ ਬੋਲਿਆ, "ਮਰਦਾਨਿਆ! ਇਸ ਅਸਥਾਨ ਤੇ ਸਦਾ ਹੀ ਐਸਾ ਅੰਮ੍ਰਿਤ ਵਰਤੀਂਦਾ

---

੧. ਦੇਦਾ ਦੇ ਲੈਦੇ ਥਕਿ ਪਾਹਿ। —ਜਪੁ (2/2)

੨. ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥
—ਵਾਰ ਆਸਾ ਮ: ੧ (੪੭੪/੧੭)



www.AKJ.Org

ਰਹੇਗਾ। ਏਥੇ ਭੋਗ-ਮੋਖ ਦਾ ਪ੍ਰਵਾਹ ਚਲੇਗਾ।''[1] ਉਸੇ ਅਸਥਾਨ ਤੇ ਪਿੱਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਸਥਾਪਿਤ ਹੋਇਆ, ਜਿਥੇ ਮਰਯਾਦਾ ਅਨੁਸਾਰ, ਬਿਲਾ ਨਾਗ਼ਾ, ਤਿਹਾਵਲ ਦੇਗ[2] ਦਾ ਅਤੁੱਟ ਪ੍ਰਸਾਦਿ ਵਰਤਦਾ ਹੈ।

ਗੁਰੂ ਨਾਨਕ ਦੇਵ ਜੀ ਵੇਲੇ ਹੀ ਕਰਤਾਰਪੁਰ ਵਿਖੇ ਲੰਗਰ ਵੀ ਕਾਇਮ ਹੋ ਗਿਆ ਸੀ। ਉਸ ਵਿਚ ਸੇਵਾ ਦਾ ਪ੍ਰਵਾਹ ਵੀ ਚਲਦਾ ਸੀ, ਤੇ ਹਰ ਆਏ ਗਏ ਨੂੰ ਪ੍ਰੇਮ ਸਹਿਤ ਪ੍ਰਸਾਦਿ ਵੀ ਛਕਾਇਆ ਜਾਂਦਾ ਸੀ।

ਗੁਰੂ ਅੰਗਦ ਸਾਹਿਬ ਵੇਲੇ ਖਡੂਰ ਸਾਹਿਬ ਵਿਖੇ ਲੰਗਰ ਦੀ ਨਿਗਰਾਨੀ ਮਾਤਾ ਖੀਵੀ ਜੀ ਆਪ ਕਰਦੇ ਸਨ। ਇਸ ਲੰਗਰ ਦਾ ਮਿਆਰ ਬੜਾ ਉੱਚਾ ਸੀ—ਉਸ ਵਿਚ ਘਿਉ ਵਾਲੀ ਖੀਰ ਵਰਤੀਂਦੀ ਦੱਸੀ ਗਈ ਹੈ, ਜਿਸ ਦੀ ਸਾਖੀ ਭੱਟ ਬਲਵੰਡ ਨੇ ਇਹਨਾਂ ਅੱਖਰਾਂ ਵਿਚ ਭਰੀ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

—ਵਾਰ ਰਾਮਕਲੀ, ਰਾਏ ਬਲਵੰਡ...(੯੬੭/੯)

ਗੁਰੂ ਅਮਰਦਾਸ ਜੀ ਵੇਲੇ ਤਾਂ ਆਦੇਸ਼ ਹੋ ਚੁਕਾ ਸੀ ਕਿ 'ਪਹਿਲਾਂ ਪੰਗਤ, ਪਾਛੇ ਸੰਗਤ'! ਸੰਗਤ ਵਿਚ ਸਤਿਗੁਰਾਂ ਦੇ ਦਰਸ਼ਨ ਤੋਂ ਪਹਿਲਾਂ ਪੰਗਤ ਵਿਚ ਪ੍ਰਸਾਦਿ ਛਕਣਾ ਅਨਿਵਾਰੀ ਸੀ। ਸਮ੍ਰਾਟ ਅਕਬਰ ਵੀ ਜਦੋਂ ਗੋਇੰਦਵਾਲ ਸਤਿਗੁਰਾਂ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਲਈ ਵੀ ਸ਼ਰਤ ਏਹੋ ਸੀ। ਅਕਬਰ ਲੰਗਰ ਤੋਂ ਪ੍ਰਭਾਵਿਤ ਹੋਇਆ ਤੇ ਉਸ ਵਾਸਤੇ ਜਗੀਰ ਲਾਉਣ ਦੀ ਪੇਸ਼ਕਸ਼ ਕੀਤੀ। ਪਰ ਸਤਿਗੁਰਾਂ ਨਿਮ੍ਰਤਾ ਭਾਵ ਨਾਲ ਉਸ ਦੀ ਇਹ ਪੇਸ਼ਕਸ਼ ਅਸ੍ਵੀਕਾਰ ਕਰ ਦਿੱਤੀ। ਗੁਰੂ ਕਾ ਲੰਗਰ ਤਾਂ ਇਕ ਇਕ ਸਿਖ ਦੇ ਤਿਲ ਫੁਲ ਨਾਲ ਚਲਦਾ ਹੈ। ਇਸ ਵਿਚ ਬਰਕਤ ਵੀ ਤਦੇ ਹੀ ਵਰਤਦੀ ਹੈ। ਇਹ ਲੰਗਰ ਇਕ ਇਕ ਸਿਖ ਦੀ ਕਮਾਈ ਦਾ ਚਿੰਨ੍ਹ ਹੈ, ਕਿਸੇ ਸਮ੍ਰਾਟ ਦੀ ਜਾਗੀਰ ਦਾ ਨਹੀਂ।

ਗੁਰੂ ਅਰਜਨ ਦੇਵ ਜੀ ਵੇਲੇ ਪ੍ਰਿਥੀਏ ਵਲੋਂ ਕੀਤੀ ਗਈ ਨਾਕਾਬੰਦੀ ਕਾਰਨ ਲੰਗਰ ਵਿਚ ਵਿਘਨ ਪੈਣ ਦਾ ਅੰਦੇਸ਼ਾ ਹੋ ਗਿਆ ਸੀ। ਪਰ, ਆਗਰੇ ਤੋਂ ਭਾਈ ਗੁਰਦਾਸ ਜੀ ਨੇ ਆ ਕੇ ਸੰਗਤਾਂ ਵਿਚ ਐਸਾ ਨਵਾਂ ਉਤਸ਼ਾਹ ਜਗਾਇਆ ਕਿ ਇਹ ਅੰਦੇਸ਼ਾ ਦੂਰ ਹੋ ਗਿਆ।

ਗੁਰੂ ਹਰਿ ਰਾਇ ਸਾਹਿਬ ਵੇਲੇ ਤਕ ਤਾਂ ਹਰ ਸਿਖ ਦੇ ਘਰ ਗੁਰੂ ਕਾ ਲੰਗਰ ਹੋਂਦਾ ਸੀ। ਇਹ ਆਦੇਸ਼ ਸੀ ਕਿ ਪ੍ਰਸਾਦਿ ਛਕਣ ਵੇਲੇ ਹੋਕਾ ਦਿਓ, ''ਕੋਈ ਭੁੱਖਾ ਤਾਂ ਨਹੀਂ? ਗੁਰੂ ਕਾ ਲੰਗਰ ਤਿਆਰ ਹੈ ਆਓ, ਛਕੋ!''

ਗੁਰੂ ਗੋਬਿੰਦ ਸਿੰਘ ਜੀ ਵੇਲੇ ਅਨੰਦਪੁਰ ਸਾਹਿਬ ਵਿਚ ਪੰਜ ਥਾਵਾਂ ਤੇ ਗੁਰੂ ਕਾ ਲੰਗਰ ਵਰਤਦਾ ਹੁੰਦਾ ਸੀ। ਕਹਿੰਦੇ ਹਨ, ਓਦੋਂ ਸਾਰੇ ਅਨੰਦਪੁਰ ਸਾਹਿਬ ਵਿਚ ਕਿਸੇ ਦੇ ਘਰ ਚੁਲ੍ਹਾ ਨਹੀਂ ਸੀ ਬਲਦਾ। ਸਭੇ ਮਾਈ ਭਾਈ, ਬੱਚੇ ਬੁਢੇ, ਗੁਰੂ ਕੇ ਲੰਗਰ ਵਿਚ ਪ੍ਰਸਾਦ ਛਕਦੇ ਸਨ। ਉਸ ਵੇਲੇ ਤਕ ਲੰਗਰ ਸਮੁੱਚੀ ਪੰਥਕ ਏਕਤਾ ਦਾ ਚਿੰਨ੍ਹ ਹੋ ਚੁਕਾ ਸੀ।

ਗੁਰੂ ਸਾਹਿਬਾਂ ਤੋਂ ਬਾਦ ਵੀ ਲੰਗਰ ਸਿਖ ਧਰਮ ਦੀ ਚਲੰਤ ਸੰਸਥਾ ਬਣਿਆ ਆਇਆ ਹੈ। ਜ਼ਕਰੀਆ ਖ਼ਾਨ ਤੇ ਉਸ ਦੇ ਜਾਨਸ਼ੀਨਾਂ ਵੇਲੇ ਜਦੋਂ ਸਿੰਘ, ਹਕੂਮਤ ਦੇ ਅਤਿਆਚਾਰ ਕਾਰਨ ਜੰਗਲਾਂ ਵਿਚ ਜਾਨਾਂ ਬਚਾਂਦੇ ਫਿਰਦੇ ਸਨ, ਤਦ ਦੇਗ ਦਾਂ ਚਲਣਾ ਤੇਗ ਦੇ ਚਲਣ ਜਿਤਨਾ ਹੀ ਜ਼ਰੂਰੀ ਹੋ ਗਿਆ ਸੀ। ਐਸੀ ਤੰਗੀ ਵਿਚ ਵੀ ਜਦ ਲੰਗਰ ਤਿਆਰ ਹੁੰਦਾ ਸੀ ਤਾਂ ਸਿੰਘ ਹੋਕਾ ਦੇਂਦੇ ਸਨ : ❋

1. ਇਹ ਪ੍ਰਸੰਗ 'ਸਾਖੀ ਪੋਥੀ' ਵਿਚੋਂ ਹੈ।
2. ਇਹ ਤਿਹਾਵਲ ਦੇਗ ਜਾਂ ਤ੍ਰਿਤਾਵਲੀ ਪ੍ਰਸਾਦਿ ਆਟੇ, ਘਿਉ ਤੇ ਖੰਡ ਦੀ ਬਰਾਬਰ ਬਰਾਬਰ ਮਿਕਦਾਰ ਤੋਂ ਤਿਆਰ ਹੁੰਦੀ ਹੈ। ਇਸੇ ਨੂੰ ਕੜਾਹ ਪ੍ਰਸਾਦਿ ਵੀ ਕਹਿੰਦੇ ਹਨ। ਜਦੋਂ ਦੇਗ ਨੂੰ ਅਰਦਾਸਾ ਕਰ ਕੇ ਵਰਤਾਇਆ ਜਾਵੇ ਤਾਂ ਕੜਾਹ ਪ੍ਰਸਾਦਿ ਹੈ, ਨਹੀਂ ਤਾਂ ਕੇਵਲ ਕੜਾਹ।

ਕਰਹੁ ਤਿਹਾਵਲ ਹੋਵਤ ਭੋਗ। ਪਠ ਅਰਦਾਸ ਯੁਗਮ ਕਰ ਜੋਗ। —ਨਾਨਕ ਪ੍ਰਕਾਸ਼



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੬)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਬੰਦਾ ਸਿੰਘ ਨੇ ਸਢੌਰੇ ਤੇ ਲੋਹਗੜ੍ਹ ਦੀਆਂ ਦੋਵੇਂ ਗੜ੍ਹੀਆਂ ਨਿਸ਼ਚਤ ਰਣ-ਨੀਤੀ ਤਹਿਤ ਤੇ ਸੋਚੀ ਸਮਝੀ ਵਿਉਂਤ ਨਾਲ ਖ਼ਾਲੀ ਕਰ ਦਿਤੀਆਂ ਤੇ ਸਿੰਘਾਂ ਨੂੰ ਨਾਲ ਲੈ ਕੇ ਪਹਾੜਾਂ ਵਿਚ ਅਲੋਪ ਹੋ ਗਿਆ ਸੀ। ਉਹ ਜਾਣਦਾ ਸੀ ਕਿ ਦਾਰੂ ਸਿੱਕੇ ਤੇ ਦਾਣੇ ਪੱਠੇ ਤੋਂ ਬਿਨਾਂ ਅਤੇ ਬਾਹਰੋਂ ਕਿਸੇ ਵੀ ਕਿਸਮ ਦੀ ਬਾਹੂ-ਬਲ ਦੀ ਮਦਦ ਤੋਂ ਬਗ਼ੈਰ ਗੜ੍ਹੀਆਂ ਵਿਚ ਘਿਰ ਕੇ ਲੰਮੇ ਸਮੇਂ ਤਕ ਲੜਿਆਂ ਨਹੀਂ ਜਾ ਸਕਦੈ। ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਪਿਠ ਉਤੇ ਸਮੁੱਚੇ ਹਿੰਦੁਸਤਾਨ ਦੀ ਹਕੂਮਤ ਦੀ ਤਾਕਤ ਸੀ। ਦਾਰੂ ਸਿੱਕੇ, ਨਵੇਂ ਹਥਿਆਰ ਤੇ ਸੱਜਰ-ਸਾਹ ਫ਼ੌਜਾਂ, ਜੋ ਨਿਤ ਆ ਰਲੀ ਜਾਂਦੀਆਂ ਸਨ, ਦੀ ਕੋਈ ਘਾਟ ਨਹੀਂ ਸੀ। ਜ਼ਖਮੀਆਂ ਲਈ ਜਰਾਹਾਂ ਤੇ ਹਕੀਮਾਂ ਦਾ ਯੋਗ ਪ੍ਰਬੰਧ ਸੀ। ਪਰ ਇਧਰ ਅੰਦਰਲਿਆਂ ਨੂੰ ਕੋਈ ਵੀ ਸਹੂਲਤ ਹਾਸਲ ਨਹੀਂ ਸੀ। ਗੜ੍ਹੀਆਂ ਦੀ ਓਟ ਛਡ ਕੇ ਮੈਦਾਨ ਵਿਚ ਡੱਟ ਕੇ ਲੜਨ ਲਈ ਸਭ ਤੋਂ ਜ਼ਰੂਰੀ ਚੀਜ਼ ਤੋਪਖ਼ਾਨਾ ਹੁੰਦਾ ਹੈ, ਉਹ ਵੀ ਉਨ੍ਹਾਂ ਪਾਸ ਕੋਈ ਨਹੀਂ ਸੀ। ਇਸ ਲਈ ਗੜ੍ਹੀਆਂ ਵਿਚ ਬੈਠ ਕੇ ਬਹੁਤਾ ਲੰਮਾ ਸਮਾਂ ਟਾਕਰਾ ਕਰਨਾ ਜਾਂ ਗੜ੍ਹੀਆਂ ਛੱਡ ਕੇ ਮੈਦਾਨ ਵਿਚ ਜੰਮ ਕੇ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਨਾ ਸਿੰਘਾਂ ਦੇ ਵੱਸ ਦੀ ਗੱਲ ਨਹੀਂ ਸੀ।

ਦੂਸਰੇ ਪਾਸੇ ਬੰਦਾ ਸਿੰਘ ਦੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ। ਹੁਣ ਉਸ ਪਾਸ ਇਕ ਹੀ ਰਸਤਾ ਸੀ ਗੁਰੀਲਾ ਲੜਨ-ਢੰਗ ਦਾ, ਜਿਸ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਇਸਤਰ੍ਹਾਂ ਇਕ ਪਾਸੇ ਮੁਗ਼ਲ ਫ਼ੌਜਾਂ ਨੂੰ ਏਨਾ ਜਿਚ ਕੀਤਾ ਜਾਵੇ ਕਿ ਸੁਖ ਦਾ ਸਾਹ ਨਾ ਲੈ ਸਕਣ ਤੇ ਦੂਜੇ ਪਾਸੇ ਆਪਣੀ ਸ਼ਕਤੀ ਨੂੰ ਵਧਾਇਆ ਜਾਵੇ। ਜਦ ਫਿਰ ਤਾਕਤ ਬਣ ਜਾਵੇ ਤਾਂ ਮੁਗ਼ਲ ਰਾਜ ਤੇ ਭਰਪੂਰ ਵਾਰ ਕਰ ਕੇ ਜੜ੍ਹੋਂ ਪੁਟ ਦਿਤਾ ਜਾਵੇ। ਫੌਜ ਦੀ ਸਿਖਲਾਈ ਫ਼ੌਜ ਨਾਲ ਲੜਨ ਦੀ ਹੁੰਦੀ ਹੈ। ਗੁਰੀਲਾ, ਜੋ ਪਬਲਿਕ ਵਿਚ ਪਬਲਿਕ ਦੇ ਲਿਬਾਸ ਵਿਚ ਵਿਚਰਦਾ ਹੈ, ਉਸ ਦੀ ਪਛਾਣ ਔਖੀ ਹੁੰਦੀ ਹੈ ਤੇ ਉਸ ਨਾਲੋਂ ਪਬਲਿਕ ਨੂੰ ਨਿਖੇੜਨਾ ਸੌਖਾ ਨਹੀਂ ਹੁੰਦਾ। ਪਰ ਮੁਸਲਮਾਨ ਵਸੋਂ ਬਹੁਤੀ ਹੋਣ ਕਰਕੇ ਇਹ ਪੱਖ ਵੀ ਬੰਦਾ ਸਿੰਘ ਲਈ ਜ਼ਿਆਦਾ ਮਦਦਗਾਰ ਨਹੀਂ ਸੀ। ਨਿਰਸੰਦੇਹ ਮੁਸਲਮਾਨ ਰਿਆਇਆ ਵੀ ਮੁਗ਼ਲ ਸਾਮਰਾਜ ਤੋਂ ਸੌਖੀ ਨਹੀਂ ਸੀ, ਪਰ ਜਦ ਮੌਲਵੀ ਮੌਲਾਣੇ ਤੁਅੱਸਬ-ਵੱਸ ਨਿੱਤ ਆਮ ਲੋਕਾਂ ਦੇ ਕੰਨਾਂ ਵਿਚ ਪਾਈ ਜਾਂਦੇ ਸਨ ਕਿ ਇਹ, ਕਾਫ਼ਰਾਂ ਦੀ ਇਸਲਾਮੀ ਰਾਜ ਵਿਰੁਧ ਬਗ਼ਾਵਤ ਹੈ, ਹਰ ਪੱਗ-ਬੰਨ੍ਹ ਮੁਸਲਮਾਨ ਉਤੇ ਫ਼ਰਜ਼ ਹੈ ਕਿ ਉਹ ਕਾਫ਼ਰਾਂ ਦੇ ਖ਼ਾਤਮੇ ਲਈ ਸਰਕਾਰ ਦੀ ਸਹਾਇਤਾ ਕਰੇ, ਕਾਫ਼ਰਾਂ ਦਾ ਖ਼ਾਤਮਾ ਹੀ ਇਸਲਾਮ ਦਾ ਵਾਧਾ ਹੈ।

---

* ਦੇਤ ਆਵਾਜ਼ਾ : ਭੂਖਾ ਕੋਈ ? ਆਓ ਦੇਗ ਤਿਆਰ ਗੁਰ ਹੋਈ।

ਦੇਗ ਚਲਾਉਣ ਵਾਲਿਆਂ ਕਦੇ ਵਿਤਕਰਾ ਨਹੀਂ ਕੀਤਾ। ਊਚ ਨੀਚ ਦਾ ਨਹੀਂ, ਜ਼ਾਤ ਪਾਤ ਦਾ ਨਹੀਂ, ਰੰਗ ਨਸਲ ਦਾ ਨਹੀਂ, ਵੈਰੀ ਮਿਤ੍ਰ ਦਾ ਵੀ ਨਹੀਂ।

ਅੱਜ ਵੀ ਸਿਖ ਧਰਮ ਦੇ ਗੁਰ-ਅਸਥਾਨਾਂ, ਗੁਰਦੁਆਰਿਆਂ ਵਿਚ ਲੰਗਰ ਚਲਦੇ ਹਨ, ਜਿਥੇ ਲਖੂਖਾ ਜੀਅ ਹਰ ਰੋਜ਼ ਪ੍ਰਸਾਦ ਛਕਦੇ ਹਨ। ਇਸ ਸੰਸਥਾ ਨੂੰ ਸਜੀਵ ਰਖਣ ਵਾਲੇ ਉਹ ਮਹਾਪੁਰਖ ਹਨ, ਸੇਵਾ ਤੇ ਸਿਮਰਨ ਜਿਨ੍ਹਾਂ ਦੀ ਜ਼ਿੰਦਗੀ ਹੈ।

ਦੇਗ ਚਲਾਉਣ ਵਾਲਿਆਂ ਨੂੰ ਅਰਦਾਸ ਵਿਚ ਸਿਮਰ ਕੇ ਸੁਰਤ ਉਹਨਾਂ ਆਦਰਸ਼ਾਂ ਨਾਲ ਜੋੜੀ ਜਾਂਦੀ ਹੈ, ਜੋ ਦੇਗ ਦੇ ਸੰਕਲਪ ਨਾਲ ਜੁੜੇ ਹੋਏ ਹਨ। ਨਾਲ ਹੀ ਇਸ ਤੋਂ ਸੁੱਚੀ ਸੇਵਾ ਦੀ ਉੱਦਾਤ ਪ੍ਰੇਰਨਾ ਵੀ ਪ੍ਰਾਪਤ ਕੀਤੀ ਜਾਂਦੀ ਹੈ।



www.AKJ.Org

ਏਸ਼ੀਆ ਤੇ ਯੋਰਪ ਵਿਚ ਧਰਮ ਦੇ ਨਾਂ ਤੇ ਬੜੇ ਬੜੇ ਜ਼ੁਲਮ ਹੋਏ ਹਨ। ਉਸ ਪਾਸੇ ਪਾਦਰੀਆਂ ਤੇ ਏਸ਼ੀਆ ਵਿਚ ਖ਼ਾਸ ਤੌਰ ਤੇ ਹਿੰਦੁਸਤਾਨ ਦੀ ਧਰਤੀ ਉਤੇ ਬ੍ਰਾਹਮਣਾਂ ਤੇ ਮੌਲਾਣਿਆਂ ਨੇ ਇਨਸਾਨੀ ਖ਼ੂਨ ਡੀਕਾਂ ਲਾ ਲਾ ਕੇ ਪੀਤਾ ਹੈ। ਏਸ਼ੀਆ ਦੇ ਮੁਲਕਾਂ ਦੀ ਪੁਲਸ ਨੂੰ ਡਾਕੂਆਂ ਲੁਟਰਿਆਂ ਤੇ ਬੁਚੜਾਂ ਦੀ ਤਰਬੀਅਤ-ਯਾਫ਼ਤਾ (Trained) ਹਥਿਆਰਾਂ ਨਾਲ ਲੈਸ, ਕਾਨੂੰਨ ਤੇ ਇਨਸਾਫ਼ ਨੂੰ ਪੈਰਾਂ ਥਲੇ ਰੋਲਣ ਵਾਲੀ, ਗੱਦੀ 'ਤੇ ਬੈਠੇ ਮਾਲਿਕ ਦਾ 'ਹਲਾਂ' ਦਾ ਇਸ਼ਾਰਾ ਪਾ ਕੇ, ਇਨਸਾਫ਼ ਮੰਗਣ ਵਾਲੇ ਲੋਕਾਂ ਨੂੰ ਚੀਰ ਪਾੜ ਕੇ ਧਰ ਦੇਣ ਵਾਲੀ ਖ਼ੂਨੀ ਧਾੜ ਕਹਿਣਾ ਕੋਈ ਅੱਤਕਥਨੀ ਨਹੀਂ। ਰਿਆਇਆ ਦੀ ਜਾਨ ਮਾਲ ਦੀ ਰਾਖੀ ਦੀ ਬਜਾਏ, ਰਿਆਇਆ ਦੀ ਜਾਨ ਕਢਣਾ ਤੇ ਉਸ ਦਾ ਮਾਲ ਲੁਟਣਾ, ਲੋਟੂਆਂ ਤੇ ਧਾੜਵੀਆਂ ਦੀ ਪਰਵਰਿਸ਼ ਕਰਨਾ ਇਸ ਦਾ ਮੁਖ ਕਰਤਵ ਸੀ ਤੇ ਅਜ ਵੀ ਹੈ (ਯੋਰਪੀਨ ਦੇਸ਼ਾਂ, ਖ਼ਾਸ ਕਰ ਇੰਗਲੈਂਡ ਦੀ ਪੁਲਸ ਬਾਰੇ ਅੱਜ ਇਹ ਸ਼ਬਦ ਕਹਿਣੇ ਠੀਕ ਨਹੀਂ, ਇਹ ਪੁਲਸਾਂ ਅੱਜ ਵਾਸਤਵ ਵਿਚ ਜਨ-ਸੇਵਕ ਹਨ। ਪਰ ਏਸ਼ੀਅਨ ਦੇਸ਼ਾਂ ਦੀਆਂ ਪੁਲਸਾਂ ਦਾ ਹਾਲ ਬਦ ਤੋਂ ਬਦ-ਤਰ ਹੈ। ਕੁਝ ਸਾਲ ਹੋਏ ਹਨ, ਆਜ਼ਾਦ ਭਾਰਤ ਵਿਚ ਯੂ. ਪੀ. ਦੀ ਪੁਲਸ ਦੇ ਕੁਕਰਮਾਂ ਬਾਰੇ ਪੜਤਾਲ ਕਰਕੇ ਆਪਣੀ ਰਿਪੋਰਟ ਵਿਚ ਜਸਟਿਸ ਮੁੱਲਾਂ ਨੇ ਜੋ ਰਿਮਾਰਕਸ ਦਿਤੇ ਹਨ, ਪੜ੍ਹ ਕੇ ਸ਼ਾਇਦ ਬੇਰਹਿਮ ਜੱਲਾਦਾਂ ਦੇ ਵੀ ਸਿਰ ਸ਼ਰਮ ਨਾਲ ਝੁਕ ਜਾਣ।) ਮੁਗ਼ਲਾਂ ਦੇ ਰਾਜ-ਕਾਲ ਵਿਚ ਇਹ ਪੁਲਸ ਕੀ ਕਰ ਗੁਜ਼ਰਦੀ ਸੀ, ਇਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਹੁਤ ਸਾਰੇ ਮੁਸਲਮਾਨ, ਹਕੂਮਤ ਤੇ ਪੁਲਸ ਦੇ ਸਤਾਏ ਹੋਏ ਲੋਕ ਇਸਲਾਮੀ ਰਾਜ ਨਾਲੋਂ ਬੰਦਾ ਸਿੰਘ ਦੇ ਪ੍ਰਬੰਧ ਨੂੰ ਚੰਗਾ ਸਮਝ ਕੇ, ਉਸ ਦੀ ਫ਼ੌਜ ਵਿਚ ਆਣ ਭਰਤੀ ਹੋਏ ਸਨ।

ਮੁਲਾਣਿਆਂ ਦਾ ਅਸਰ ਏਨਾ ਹਾਵੀ ਸੀ ਕਿ ਮੁਸਲਮਾਨ ਜਨਤਾ ਖੁਲ੍ਹ ਕੇ ਬੰਦਾ ਸਿੰਘ ਨਾਲ ਜੁੜ ਨਾ ਸਕੀ। ਮੌਲਵੀਆਂ ਦੇ ਝੂਠੇ ਕੁਫ਼ਰ-ਤੂਫ਼ਾਨ ਨੂੰ ਕਟਣ ਲਈ ਬੰਦਾ ਸਿੰਘ ਪਾਸ ਕੋਈ ਪ੍ਰਚਾਰਕ ਮਸ਼ੀਨਰੀ ਨਹੀਂ ਸੀ। ਉਸ ਦੀਆਂ ਸਿਰਫ਼ ਉਹ ਕਾਰਵਾਈਆਂ ਹੀ ਸਨ, ਜਿਨ੍ਹਾਂ ਕਾਰਨ ਬਿਨਾਂ ਵਿਤਕਰੇ ਹਿੰਦੂ, ਮੁਸਲਮਾਨਾਂ ਨੂੰ ਰਾਹਤ ਮਿਲੀ। ਦੂਜੇ ਪਾਸੇ ਹਿੰਦੂ ਤਾਂ ਅਸਲੋਂ ਅਣਖ-ਹੀਣ ਤੇ ਸਾਹਸ-ਹੀਣ ਹੋਏ ਪਏ ਸਨ। ਸਿਖ ਗੁਰੀਲਿਆਂ ਦੀ ਉਹ ਵੀ ਖੁਲ੍ਹ ਕੇ ਜੁਰਅਤ ਨਾਲ ਸਹਾਇਤਾ ਨਹੀਂ ਸਨ ਕਰ ਸਕਦੇ। ਕੋਈ ਦੁਸ਼ਮਣ ਜੇ ਬਦਲਾ ਲੈਣ ਲਈ ਹੀ ਸਰਕਾਰ ਨੂੰ ਇਹ ਲੂਤੀ ਲਾ ਦੇਵੇ ਕਿ ਫ਼ਲਾਣਾ ਬੰਦਾ ਸਿੱਖਾਂ ਦਾ ਹਮਾਇਤੀ ਹੈ ਜਾਂ ਉਨ੍ਹਾਂ ਲਈ ਦਿਲ ਵਿਚ ਹਮਦਰਦੀ ਰਖਦਾ ਹੈ ਤਾਂ ਆ ਕੇ ਝੂਠ ਸੱਚ ਨਿਤਾਰਨ ਲਈ ਕਿਸ ਨੇ ਤਫ਼ਤੀਸ਼ ਕਰਨੀ ਸੀ, ਬਸ ਪੀੜ ਦਿਉ ਘਾਣ ਬੱਚਾ ਘਾਣ। ਸੂਰਜ ਦੇ ਪ੍ਰਕਾਸ਼ ਵਿਚ ਤਾਂ ਕੋਈ ਕਿਸੇ ਰਾਠ ਸਿੰਘ ਵਲ ਅੱਖ ਭਰ ਕੇ ਤੱਕਦਾ ਵੀ ਨਹੀਂ ਸੀ ਕਿ ਮਤੇ ਉਸ ਦੀ ਸ਼ਿਕਾਇਤ ਹੋ ਜਾਵੇ ਕਿ ਫਲਾਣਾ ਕਿਸੇ ਵਲ ਸਨੇਹ ਨਾਲ ਵੇਖ ਰਿਹਾ ਸੀ। ਹੋਰ ਕਿਸੇ ਕਿਸਮ ਦੀ ਸਹਾਇਤਾ ਦੇਣੀ ਤਾਂ ਦੂਰ ਦੀ ਗੱਲ ਹੈ। ਇਹ ਯਾਦ ਰਖਣ ਵਾਲੀ ਗੱਲ ਹੈ ਕਿ ਇਨ੍ਹਾਂ ਮੰਦੀਆਂ ਹਾਲਤਾਂ ਵਿਚ ਵੀ ਕਈ ਦਿਲ ਗੁਰਦੇ ਵਾਲੇ ਟਾਵੇਂ ਟਾਵੇਂ ਹਿੰਦੂ ਤੇ ਮੁਸਲਮਾਨ ਰਾਠ ਸਿੰਘਾਂ ਲਈ ਦਿਲ ਵਿਚ ਦਰਦ ਰੱਖਦੇ ਸਨ।

ਸਢੌਰੇ ਤੇ ਲੋਹਗੜ੍ਹ ਦੇ ਕਿਲ੍ਹੇ ਖ਼ਾਲੀ ਹੋ ਜਾਣ ਨੂੰ ਅਬਦੁੱਸਮਦ ਖ਼ਾਨ ਨੇ ਇਸਨੂੰ ਆਪਣੀ ਬੜੀ ਜਿਤ ਸਮਝਿਆ ਤੇ ਲਾਹੌਰ ਨੂੰ ਵਾਪਸ ਮੁੜ ਆਇਆ। ਆਪਣੇ ਪੁੱਤਰ ਜ਼ਕਰੀਆ ਖ਼ਾਨ, ਜੋ ਜਮੂੰ ਦਾ ਫ਼ੌਜਦਾਰ ਸੀ, ਨੂੰ ਬੰਦਾ ਸਿੰਘ ਵਿਰੁੱਧ ਫ਼ਤਹ ਦੀ ਬਾਦਸ਼ਾਹ ਨੂੰ ਰਿਪੋਰਟ ਦੇਣ ਲਈ ਦਿੱਲੀ ਭੇਜਿਆ। ਬਾਦਸ਼ਾਹ ਬੜਾ ਖ਼ੁਸ਼ ਹੋਇਆ ਤੇ ਇਸ ਨੂੰ ਖ਼ਿੱਲਤ, ਜੜਾਊ ਕਲਗੀ, ਝੰਡਾ ਅਤੇ ਧੌਂਸਾ ਇਨਾਮ ਹੋਏ।

ਇਨ੍ਹੀਂ ਦਿਨੀਂ ਰਾਜਪੂਤਾਨੇ ਵਿਚ ਰਾਮ ਰੌਲਾ ਪਿਆ ਹੋਇਆ ਸੀ, ਸੋ ਜ਼ਕਰੀਆ ਖ਼ਾਨ, ਕਮਰੁਦੀਨ ਦੇ ਭਾਈ ਮੁਜ਼ੱਫ਼ਰ ਖ਼ਾਨ, ਰਾਜਾ ਛਬੀਲਾ ਰਾਮ, ਗੰਧਰਬ ਸਿੰਘ ਅਤੇ ਰੁਸਤਮ ਖ਼ਾਨ ਨੂੰ ਫਿਰ ਖ਼ਿੱਲਤਾਂ ਆਦਿ ਦੇ ਕੇ ਰਾਜਪੂਤਾਨੇ ਦੀ ਮੁਹਿੰਮ ਤੇ ਜਾਣ ਦੀ ਤਿਆਰੀ ਦਾ ਹੁਕਮ ਹੋਇਆ। ਅਬਦੁੱਸਮਦ ਖ਼ਾਨ, ਜੋ ਇਸ ਵੇਲੇ ਮੁਲਤਾਨ ਦੀ ਮੁਹਿੰਮ ਤੋਂ ਮੁੜਿਆ ਹੀ ਸੀ, ਨੂੰ ਦਿੱਲੀ ਸੱਦ ਲਿਆਉਣ ਲਈ ਦੋ ਚੋਬਦਾਰ ਭੇਜੇ। ਉਹ ੬ ਮਾਰਚ ੧੭੧੪ ਈ: ਨੂੰ ਆਣ ਹਾਜ਼ਰ ਹੋਇਆ ਤੇ ਉਸ ਦਾ ਵੀ ਬਹੁਤ ਵਧੀਆ ਸਨਮਾਨ ਕੀਤਾ ਗਿਆ ਤੇ ਉਹ ਵੀ


www.AKJ.Org

ਰਾਜਪੂਤਾਨੇ ਨੂੰ ਜਾਣ ਵਾਲੀ ਮੁਹਿੰਮ ਦੇ ਨਾਲ ਜਾਣ ਲਈ ਨੀਯਤ ਕੀਤਾ ਗਿਆ।

## ਸਿੰਘਾਂ ਉਤੇ ਬਹੁਤ ਬੁਰੇ ਦਿਨ ਆਏ–

ਜਮੂ ਦੇ ਫੌਜਦਾਰ ਜ਼ਕਰੀਆ ਖ਼ਾਨ ਤੇ ਉਸ ਦੇ ਬਾਪ ਅਬਦੁੱਸਮਦ ਖ਼ਾਨ ਸੂਬੇਦਾਰ ਲਾਹੌਰ ਨੂੰ ਦਿੱਲੀ ਸੱਦ ਕੇ ਰਾਜਪੂਤਾਨੇ ਦੀ ਮੁਹਿੰਮ ਨਾਲ ਜਾਣ ਲਈ ਨਿਯਤ ਕਰ ਦੇਣਾ ਦਸਦਾ ਹੈ ਕਿ ਇਸ ਵੇਲੇ ਸਿੱਖਾਂ ਦੀ ਹਾਲਤ ਪੰਜਾਬ ਵਿਚ ਬਿਲਕੁਲ ਟੁੱਟ ਚੁੱਕੀ ਹੋਵੇਗੀ। ਜੇ ਇੰਜ ਨਾ ਹੁੰਦਾ ਤਾਂ ਉਨ੍ਹਾਂ ਨੂੰ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਪੰਜਾਬ ਤੇ ਜੰਮੂ ਹੀ ਰਹਿਣ ਦਿੱਤਾ ਜਾਂਦਾ। ਫ਼ਰਖ਼ਸੀਅਰ ਦਾ ਰਾਜ-ਕਾਲ ਸਿੰਘਾਂ ਉਤੇ ਬੜੀ ਔਖ ਦਾ ਸਮਾਂ ਸੀ।* ਮਿਸ ਕਾਰਨਰ ਦੀ ਲਿਖਤ ਗਵਾਹ ਹੈ ਕਿ ਫ਼ਰਖ਼ਸੀਅਰ ਦਾ ਰਾਜ-ਕਾਲ ਸਿੱਖਾਂ ਵਿਰੁੱਧ ਬੜੀ ਜ਼ਾਲਮਾਨਾ ਨੀਤੀ ਕਰਕੇ ਲੋਕਾਂ ਨੂੰ ਚੰਗੀ ਤਰ੍ਹਾਂ ਯਾਦ ਹੈ। ਪੜ੍ਹਨ ਵਾਲਿਆਂ ਦੇ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ।

ਸਿੰਘਾਂ ਦੇ ਜ਼ੋਰ ਘਟਣ ਅਤੇ ਸਰਕਾਰ ਵਲੋਂ ਉਨ੍ਹਾਂ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਦੇ ਨਿਤ ਨਵੇਂ ਹੁਕਮਾਂ ਨਾਲ ਸਰਕਾਰੀ ਹਾਕਮਾਂ ਅਤੇ ਦੂਸਰੇ ਲੋਕਾਂ ਦੇ ਹੌਸਲੇ ਵੱਧ ਗਏ ਸਨ ਤੇ ਉਨ੍ਹਾਂ ਦੀ ਹੁਣ ਬਹੁਤ ਚੜ੍ਹ ਮਚੀ ਹੋਈ ਸੀ। ਉਨ੍ਹਾਂ ਸਮਝ ਲਿਆ ਕਿ ਹੁਣ ਦੇ ਦਬਾਏ ਸਿੱਖ ਕਦੀ ਉਠ ਨਹੀਂ ਸਕਣਗੇ। ਇਸ ਲਈ ਉਹ ਹੁਣ ਆਪਣੀਆਂ ਮਨ-ਮਾਨੀਆਂ ਕਰ ਰਹੇ ਸਨ। ਜਿਧਰ ਭੀ ਦਾਉ ਲਗਦਾ, ਸਿੰਘਾਂ ਦਾ ਜੀਊਣਾ ਔਖਾ ਕਰ ਦੇਂਦੇ। ਸਰਹੰਦ, ਮਾਝੇ ਤੇ ਰਿਆੜਕੀ ਦੇ ਮੁਸਲਮਾਨ ਤਾਂ ਸਿੰਘਾਂ ਦੇ ਜਾਨੀ ਦੁਸ਼ਮਣ ਬਣੇ ਹੋਏ ਸਨ। ਉਹ ਸਮਝਦੇ ਸਨ ਕਿ ਸਿੱਖ ਹੀ ਬੰਦਾ ਸਿੰਘ ਦੀ ਤਾਕਤ ਦਾ ਸੋਮਾ ਹਨ। ਇਹ ਸੋਮਾ ਹੀ ਖ਼ਤਮ ਕਰ ਦਿੱਤਾ ਜਾਵੇ। ਇਸ ਲਈ ਹਰ ਕੋਈ ਸਿੰਘਾਂ ਨੂੰ ਫੜਨਾ, ਮਾਰਨਾ ਮਰਾਉਣਾ ਆਪਣਾ ਇਸਲਾਮੀ ਫ਼ਰਜ਼ ਸਮਝਣ ਲੱਗ ਪਿਆ। ਲਾਹੌਰ ਤਾਂ ਸੀ ਹੀ ਮੁਗ਼ਲ ਰਾਜ ਦਾ ਕੇਂਦਰ, ਪਰ ਸਰਹੰਦ, ਸੁਲਤਾਨਪੁਰ ਲੋਧੀ, ਕਲਾਨੌਰ, ਬਟਾਲਾ ਤੇ ਕਾਹਨੂਵਾਨ ਡੇਢ ਕੁ ਸਾਲ ਤੋਂ ਮੁਸਲਮਾਨ ਸ਼ਕਤੀ ਦੇ ਅੱਡੇ ਬਣੇ ਹੋਏ ਸਨ। ਮੁਲਾਣਿਆਂ ਨੇ ਆਪਣੇ ਤੁਅਸਬੀ ਪ੍ਰਚਾਰ ਦੇ ਅਸਰ ਨਾਲ ਆਮ ਮੁਸਲਮਾਨਾਂ ਨੂੰ ਵੀ ਕੱਟੜਪੁਣੇ ਵਿਚ ਹੋਰਨਾਂ ਨਾਲੋਂ ਜ਼ਿਆਦਾ ਅੰਨ੍ਹਿਆਂ ਕੀਤਾ ਹੋਇਆ ਸੀ। ਖੇਤੀਬਾੜੀ ਉਜਾੜਦੇ, ਚੰਗੇ ਪਸ਼ੂ ਖੋਹ-ਖਿੰਜ ਕੇ ਲੈ ਜਾਂਦੇ ਤੇ ਖੁਲ੍ਹਮ-ਖੁਲ੍ਹਾ ਗਊਆਂ ਹਲਾਲ ਕਰਦੇ। ਹਿੰਦੂਆਂ ਦੀ ਬਹੁਤ ਬੇਇਜ਼ਤੀ ਕੀਤੀ ਜਾਂਦੀ। ਕਾਹਨੂਵਾਨ ਦੇ ਪਰਗਣੇ ਨੂੰ ਮੁਸਲਮਾਨਾਂ ਨੇ ਖ਼ਾਸ ਤੌਰ ਤੇ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾਇਆ ਹੋਇਆ ਸੀ। ਕਿੜੀ ਪਠਾਣ ਬਸਦੀ ਉਮਰ ਗਾਜ਼ੀ ਕਾਹਨੂਵਾਨ ਦੇ ਪਰਗਣੇ ਦਾ ਪਠਾਣਾਂ ਦਾ ਉਘਾ ਪਿੰਡ ਸੀ। ਇਹ ਪਠਾਣ ਬੱਨ੍ਹਾਂ ਵਿਚ ਨਹੀਂ ਸਨ ਮਿਉਂਦੇ ਤੇ ਸਾਰੇ ਪਰਗਣੇ ਵਿਚੋਂ ਇਨ੍ਹਾਂ ਦੇ ਸਿਰਾਂ ਨੂੰ ਕੱਟੜਪੁਣੇ ਦਾ ਜਨੂੰਨ ਜ਼ਿਆਦਾ ਹੀ ਚੜ੍ਹਿਆ ਹੋਇਆ ਸੀ। ਇਨ੍ਹਾਂ ਦਾ ਆਗੂ ਮੁਹੰਮਦ ਇਸਹਾਕ ਖ਼ਾਨ ਨਾਮੀ ਪਠਾਣ ਸੀ, ਜੋ ਬਹੁਤ ਹੀ ਜ਼ਾਲਮ ਤੇ ਮਗਰੂਰ ਸੀ। ਇਥੋਂ ਦਿਆਂ ਮੁਲਾਣਿਆਂ ਤਾਂ ਅਸਲੋਂ ਹੀ ਅੱਤ ਚੁੱਕੀ ਹੋਈ ਸੀ। ਮਾਲੂਮ ਹੁੰਦੇ ਕਿ ਇਨ੍ਹਾਂ ਮੁਲਾਣਿਆਂ ਨੇ ਚੁਫੇਰੇ ਦੇ ਸਿੱਖ ਪਿੰਡਾਂ ਨੂੰ ਏਨਾ ਦੁੱਖੀ ਕੀਤਾ ਕਿ ਉਨ੍ਹਾਂ ਲਈ ਲੜਾਈ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ, ਕਿਉਂਕਿ ਤੰਗ ਆਇਆ ਆਦਮੀ ਲੜਾਈ ਤੇ ਉਤਰ ਆਉਂਦੇ। ਇਰਦ ਗਿਰਦ ਦੇ ਪਿੰਡਾਂ ਦੇ ਸਤਾਏ ਹੋਏ ਲੋਕ ਕਾਹਨੂਵਾਨ ਦੇ ਪਰਗਣੇ ਦੇ ਇਕ ਉਘੇ ਰਾਠ ਸਿੰਘ, ਸਰਦਾਰ ਜਗਤ ਸਿੰਘ ਦੀ ਜਥੇਦਾਰੀ ਵਿਚ ਆਣ ਇਕੱਠੇ ਹੋਏ। ੨੭ ਮਾਰਚ ੧੭੧੪ ਈ: (੧੨ ਰਬੀਉਲ ਅਵਲ ੧੧੨੬ ਹਿਜਰੀ) ਵਾਲੇ ਦਿਨ ਸਰਦਾਰ ਜਗਤ ਸਿੰਘ ਆਪਣੇ ਭਰਾਵਾਂ, ਨੌਕਰਾਂ ਅਤੇ ਸਿੱਖਾਂ ਦੇ ਜਥੇ ਨੂੰ ਨਾਲ ਲੈ ਕੇ ਪਹਿਰ ਦਿਨ ਚੜ੍ਹੇ ਪਿੰਡ ਉਤੇ ਜਾ ਪਿਆ ਤੇ ਬਿਨਾਂ ਰੋਕ ਟੋਕ ਪਠਾਣਾਂ ਦੀ ਗੜ੍ਹੀ ਵਿਚ ਜਾ ਘੁਸਿਆ। ਪਠਾਣ ਅਗੋਂ ਕਿਹੜੇ ਘਟ ਸਨ, ਝਟ ਟਾਕਰੇ ਲਈ ਉਠੇ। ਉਹ ਕੁਝ ਦੇਰ ਤਾਂ ਵਾਹਵਾ ਅੜੇ, ਪਰ ਸਿੰਘਾਂ ਅੱਗੇ ਕੋਈ ਪੇਸ਼ ਨਾ ਗਈ। ਮਹੰਮਦ ਇਸਹਾਕ ਤੇ ਉਸ ਦੇ ਕਈ ਸਾਥੀ ਮਾਰੇ ਗਏ, ਬਹੁਤ ਸਾਰੇ ਪਿੰਡ ਛੱਡ ਕੇ ਭਜ ਤੁਰੇ।

* ਮਿਸ ਕਾਰਨਰ, ਹਿਸਟਰੀ ਆਫ਼ ਇੰਡੀਆ ਐਂਡ ਚਾਇਨਾ, ਲੰਡਨ ੧੮੪੭ ਦੀ ਛਾਪ।



www.AKJ.Org

੬੦ ਹਜ਼ਾਰ ਰੁਪਏ ਦਾ ਇਸ ਪਿੰਡ ਅਤੇ ਇਰਦ ਗਿਰਦ ਦਿਆਂ ਪਿੰਡਾਂ ਦਾ ਮਾਲ (ਨਕਦ ਤੇ ਗਹਿਣਾ ਗੱਟਾ), ਜੋ ਉਨ੍ਹਾਂ ਸੰਭਾਲ ਲਈ ਮੁਹੰਮਦ ਮੀਰ ਦੇ ਪਾਸ ਗੜ੍ਹੀ ਵਿਚ ਰਖਿਆ ਹੋਇਆ ਸੀ, ਹਮਲਾ ਕਰਨ ਵਾਲਿਆਂ ਸਿੰਘਾਂ ਦੇ ਹੱਥ ਆਇਆ। ਸਿਰਫ਼ ਉਨ੍ਹਾਂ ਇਹ ਭੁਲੀ ਗੁਜ਼ਾਰੀ ਕਿ ਪਿੰਡ ਨੂੰ ਸਾੜ-ਫੂਕ ਕੇ ਸੁਆਹ ਨਹੀਂ ਕੀਤਾ। ਇਸ ਮਾਰ ਦਾ ਇਹ ਅਸਰ ਹੋਇਆ ਕਿ ਕਈ ਉਘੇ ਘਰਾਣੇ ਪਿੰਡ ਹੀ ਛੱਡ ਗਏ।

ਇਸ ਵਾਕਿਆ ਤੋਂ ੧੪ ਕੁ ਦਿਨ ਬਾਅਦ ਅਬਦੁੱਸਮਦ ਖਾਨ ਤੇ ਉਸ ਦਾ ਪੁੱਤਰ ਜ਼ਕਰੀਆ ਖਾਨ ਰਾਜਪੂਤਾਨੇ ਦੀ ਮੁਹਿੰਮ ਤੋਂ ਵਾਪਸ ਦਿੱਲੀ ਪਰਤੇ। ਬਾਦਸ਼ਾਹ ਨੂੰ ਕਿੜੀ ਪਠਾਣਾਂ ਦੇ ਵਾਕੇ ਦੀ ਖ਼ਬਰ ਪਹੁੰਚ ਚੁੱਕੀ ਸੀ ਕਿ ਸਿੱਖ ਫਿਰ ਸਿਰ ਉਠਾ ਰਹੇ ਹਨ। ਸੋ ਇਨ੍ਹਾਂ ਪਿਉ ਪੁਤਾਂ ਨੂੰ ਖ਼ਿਲਤਾਂ ਤੇ ਇਨਾਮ ਇਕਰਾਮ ਦੇ ਕੇ ਹੁਕਮ ਦਿੱਤਾ ਗਿਆ ਕਿ ਆਪਣੇ ਸੂਬਿਆਂ ਵਿਚ ਜਾ ਕੇ ਪ੍ਰਬੰਧ ਦਰੁਸਤ ਕਰਨ ਤੇ ਸਿੱਖਾਂ ਨੂੰ ਪੂਰੀ ਤਰ੍ਹਾਂ ਕੁਚਲ ਦੇਣ।

ਇਨ੍ਹੀਂ ਦਿਨੀਂ ਬੰਦਾ ਸਿੰਘ ਜਮੂੰ ਦੇ ਪਹਾੜਾਂ ਵਿਚ ਭਬਰ ਤੋਂ ਦੋ ਕੁ ਮੀਲ ਦਖਣ ਚੜ੍ਹਦੇ ਵਿਚ ਦਰਿਆ ਚਨਾਬ ਦੇ ਖੱਬੇ ਕੰਢੇ ਇਕ ਸੁਰੱਖਿਅਤ ਥਾਂ (ਜਿਸ ਨੂੰ ਹੁਣ ਡੇਰਾ ਬਾਬਾ ਬੰਦਾ ਸਿੰਘ ਸਾਹਿਬ ਕਿਹਾ ਜਾਂਦਾ ਹੈ ਤੇ ਅੱਜ ਵੀ ਇਸ ਥਾਂ ਤੇ ਉਸ ਦੀ ਔਲਾਦ ਵਸਦੀ ਹੈ) ਤੇ ਦਿਨ ਗੁਜ਼ਾਰ ਰਿਹਾ, ਕਿਸੇ ਐਸੇ ਢੁਕਵੇਂ ਸਮੇਂ ਦੀ ਤਾੜ ਵਿਚ ਸੀ ਕਿ ਇਥੋਂ ਫਿਰ ਉਠ ਕੇ ਮੁਗ਼ਲ ਰਾਜ ਨੂੰ ਭਰਵੀਂ ਸੱਟ ਮਾਰ ਕੇ ਖੇਰੂੰ ਖੇਰੂੰ ਕਰ ਦਿੱਤਾ ਜਾਵੇ ਤੇ ਮੁੜ ਖਾਲਸਈ ਨਿਸ਼ਾਨ ਥਲੇ ਆਜ਼ਾਦ ਹਕੂਮਤ ਕਾਇਮ ਕੀਤੀ ਜਾਵੇ। ਇਸ ਥਾਂ ਉਹ ਅਕਤੂਬਰ ੧੭੧੩ ਈ: ਤੋਂ ਫ਼ਰਵਰੀ ੧੭੧੫ ਤਕ ਰਿਹਾ ਹੈ। ਇਸ ਸਮੇਂ ਵਿਚ ਉਸ ਨੇ ਕੀ ਕੁਝ ਕੀਤਾ, ਇਸ ਬਾਰੇ ਇਤਿਹਾਸ ਬਿਲਕੁਲ ਖ਼ਾਮੋਸ਼ ਹੈ। ਸਿਰਫ਼ ਏਨਾ ਹੀ ਪਤਾ ਲਗਦਾ ਹੈ ਕਿ ਉਸ ਨੇ ਵਜ਼ੀਰਾਬਾਦ ਦੇ ਇਕ ਖਤਰੀ ਦੀ ਲੜਕੀ ਸਾਹਿਬ ਕੌਰ ਨਾਲ ਦੂਜੀ ਸ਼ਾਦੀ ਰਚਾਈ, ਜਿਸ ਨੇ ਸਮਾਂ ਪਾ ਕੇ ਇਕ ਬੱਚੇ ਨੂੰ ਜਨਮ ਦਿਤਾ, ਜਿਸ ਦਾ ਨਾਮ ਰਣਜੀਤ ਸਿੰਘ ਰਖਿਆ। ਭਾਈ ਗਿਆਨ ਸਿੰਘ ਜੀ, ਕਰਤਾ ਤਵਾਰੀਖ ਗੁਰੂ ਖਾਲਸਾ ਅਤੇ ਪੰਥ ਪ੍ਰਕਾਸ਼, ਦੇ ਇਸ ਇਲਜ਼ਾਮ ਦੀ ਕਿ ਬੰਦਾ ਸਿੰਘ ਇਸ ਸਮੇਂ ਗੁਰੂ ਬਣ ਬੈਠਾ ਤੇ ਆਪਣੀ ਪੂਜਾ ਕਰਾਉਣ ਲੱਗ ਪਿਆ ਸੀ, ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ 'ਚੋਂ ਪੁਸ਼ਟੀ ਨਹੀਂ ਹੁੰਦੀ। ਸਰਕਾਰੀ ਤੇ ਗ਼ੈਰ-ਸਰਕਾਰੀ ਰੋਜ਼ਨਾਮਚੇ ਵੀ ਬਿਲਕੁਲ ਖ਼ਾਮੋਸ਼ ਹਨ। ਉਹ ਅੰਮ੍ਰਿਤਸਰ ਆ ਕੇ ਗੁਰੂ ਬਣ ਗੱਦੀ ਲਾ ਕੇ ਬੈਠਾ ਹੋਵੇ, ਇਸ ਦਾ ਕਿਧਰੇ ਜ਼ਿਕਰ ਨਹੀਂ ਲੱਭਦਾ। ਮਾਤਾ ਸੁੰਦਰ ਕੌਰ ਜੀ (ਮਾਤਾ ਸੁੰਦਰੀ ਜੀ, ਦਸਮੇਸ਼ ਜੀ ਦੇ ਮਹਿਲ) ਤੇ ਫ਼ਰਖ਼ਸੀਅਰ ਵਿਚਕਾਰ ਕੋਈ ਬਾਤ-ਚੀਤ ਚਲੀ ਹਵੇ ਤੇ ਉਨ੍ਹਾਂ ਬੰਦਾ ਸਿੰਘ ਵਿਰੁੱਧ ਕੋਈ ਫ਼ਤਵਾ ਦਿੱਤਾ ਹੋਵੇ ਜਾਂ ਬੰਦਾ ਸਿੰਘ ਤੇ ਖਾਲਸਾ ਜੀ ਦਰਮਿਆਨ ਕੋਈ ਟੱਕਰ ਹੋਈ ਹੋਵੇ, ਫ਼ਤਹ ਦਰਸ਼ਨ ਦਾ ਨਾਅਰਾ ਤੇ ਖਾਲਸੇ ਦਾ ਉਸ ਨੂੰ ਨਾ-ਮਨਜ਼ੂਰ ਕਰਨਾ, ਮਾਸਾਹਾਰੀ ਤੇ ਸ਼ਾਕਾਹਾਰੀ ਸਿੰਘਾਂ ਦਾ ਕੋਈ ਵਿਵਾਦ, ਜਾਂ ਕਛਹਿਰੇ ਦੀ ਲੰਬਾਈ ਤੇ ਝਗੜਾ ਹੋਇਆ ਹੋਵੇ, ਇਨ੍ਹਾਂ ਗੱਲਾਂ ਦਾ ਕੋਈ ਸਬੂਤ ਨਹੀਂ, ਇਹ ਸਭ ਸਿਰਿਓਂ ਹੀ ਨਿਰਮੂਲ ਹਨ। (ਅੱਜ ਵੀ ਸਿੱਖਾਂ ਦਾ ਬਹੁਤ ਵੱਡਾ ਹਿੱਸਾ ਮਾਸ ਨਹੀਂ ਖਾਂਦਾ, ਖਾਣ ਵਾਲਿਆਂ ਸਿੱਖਾਂ ਨਾਲ ਉਨ੍ਹਾਂ ਦਾ ਕੋਈ ਝਗੜਾ ਨਹੀਂ—ਮਿਸਾਲ ਵਜੋਂ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਨਾਮਧਾਰੀਏ ਅਤੇ ਹੋਰ ਜੋ ਬਿਬੇਕ ਦੇ ਪਹਿਰੇ ਵਿਚ ਵਿਚਰਦੇ ਹਨ, ਇਨ੍ਹਾਂ ਦੀ ਮਾਸ ਛਕ ਲੈਣ ਵਾਲਿਆਂ ਨਾਲ ਕੋਈ ਟੱਕਰ ਨਹੀਂ)। ਬੰਦਾ ਸਿੰਘ ਤੇ ਬਿਨੋਦ ਸਿੰਘ ਵਿਚਕਾਰ ਗੁਰਦਾਸ ਨੰਗਲ ਦੇ ਘੇਰੇ ਸਮੇਂ ਯੁਧ-ਨੀਤੀ ਤੇ ਵੱਖ ਵੱਖ ਰਾਇ ਹੋ ਗਈ ਸੀ, ਜੋ ਮਾਮੂਲੀ ਤਕਰਾਰ ਦਾ ਰੂਪ ਧਾਰਨ ਕਰ ਗਈ ਤੇ ਇਸ ਤੋਂ ਵਧ ਕੁਝ ਨਹੀਂ ਸੀ ਹੋਇਆ ਕਿ ਬਿਨੋਦ ਸਿੰਘ ਨੂੰ ਖੁਲ੍ਹ ਦੇ ਦਿੱਤੀ ਸੀ ਕਿ ਉਹ ਬੇਸ਼ਕ ਕਿਲ੍ਹਾ ਛੱਡ ਜਾਵੇ, ਜੋ ਉਹ ਛੱਡ ਗਿਆ। ਕੋਈ ਹੋਰ ਸਿੰਘ ਉਸ ਨਾਲ ਨਹੀਂ ਗਿਆ। ਉਸ ਦਾ ਆਪਣਾ ਲੜਕਾ ਕਾਹਨ ਸਿੰਘ ਵੀ ਉਸ ਨਾਲ ਨਹੀਂ ਗਿਆ, ਗ੍ਰਿਫ਼ਤਾਰ ਹੋ ਕੇ ਦਿੱਲੀ ਜਾਣ ਵਾਲਿਆਂ ਵਿਚ ਉਹ ਵੀ ਸੀ। ਜਾਪਦੈ ਕਿ ਬੰਦਾ ਸਿੰਘ ਦੀ ਸ਼ਹਾਦਤ ਪਿਛੋਂ ਕਿਸੇ ਬੇ-ਸਮਝ ਤੇ ਆਪ-ਹੁਦਰੇ ਬੰਦੇ ਨੇ ਉਪਰਲੀਆਂ ਗੱਪਾਂ ਦਾ ਪਰਵਾਹ ਚਲਾਇਆ ਹੈ, ਜੋ ਗਿਆਨੀ ਗਿਆਨ ਸਿੰਘ ਜੀ ਦੀ ਕਲਮ ਤੇ ਆਣ ਟਿਕੀਆਂ ਤੇ ਬੇਵਜ੍ਹਾ ਹੀ ਲਿਸ਼ਕਦੇ ਪੁਸ਼ਕਦੇ ਇਤਿਹਾਸ ਨੂੰ ਗੰਧਲਾ ਕਰ ਰਹੀਆਂ। ਬੰਦਾ ਸਿੰਘ



www.AKJ.Org

ਨੂੰ ਕਦੀ ਵੀ ਪੱਖ ਵਿਚ ਛਾਪਿਆ ਨਹੀਂ ਸੀ ਗਿਆ। ਗਿਆਨੀ ਜੀ ਦੀਆਂ ਲਿਖਤਾਂ ਨੂੰ ਛਡ ਕੇ ਅਜ ਵੀ ਸਮਕਾਲੀ ਇਤਿਹਾਸ, ਤੇ ਇਨ੍ਹਾਂ ਸਮਕਾਲੀ ਲਿਖਤਾਂ ਦੇ ਆਧਾਰ ਤੇ ਜੋ ਪਿਛੋਂ ਵੀ ਲਿਖਿਆ ਗਿਆ ਹੈ, ਬੰਦਾ ਸਿੰਘ ਤੇ ਲਾਈਆਂ ਗਈਆਂ ਊਜਾਂ ਦੀ ਤਸਦੀਕ ਵਜੋਂ ਕੋਈ ਇਕ ਸਤਰ ਵੀ ਪੇਸ਼ ਨਹੀਂ ਕਰ ਸਕਦੇ। ਇਹ ਸਭ ਨਿਰਮੂਲ ਤੇ ਬੇਬੁਨਿਆਦ ਹੈ। ਸਿਖ ਇਤਿਹਾਸ ਵਿਚ ਘਚੋਲਾ ਮਾਰਨ ਤੋਂ ਛੁਟ ਇਹ ਕੁਝ ਨਹੀਂ। ਪਾਠਕਾਂ ਨੂੰ ਇਸ ਬਾਰੇ ਸਦਾ ਸੁਚੇਤ ਰਹਿਣਾ ਚਾਹੀਦਾ ਹੈ।

ਚੜ੍ਹਦੇ ਵੈਸਾਖ ਨਾਲ ਪੰਜਾਬ ਵਿਚ ਕਣਕ ਦੀ ਵਾਢੀ ਪੈ ਜਾਂਦੀ ਹੈ। ਮਾਲੂਮ ਹੁੰਦੈ ਕਿ ਵਾਢੀ ਦੇ ਖ਼ਿਆਲ ਨਾਲ ਕੁਝ ਸਿੰਘ ਪਹਾੜਾਂ ਤੋਂ ਉੱਤਰ ਕੇ ਮੈਦਾਨ ਵਿਚ ਆਏ, ਤਾਕਿ ਆਪਣੇ ਘਰ ਦਿਆਂ ਦਾ ਹੱਥ ਵਟਾਉਣ। ਮੁਖ਼ਬਰਾਂ ਨੇ ਇਸ ਗੱਲ ਦੀ ਸੂਹ ਸਰਕਾਰ ਨੂੰ ਜਾ ਦਿਤੀ। ਸਰਹੰਦ ਫੌਜ ਦੇ ਬਖ਼ਸ਼ੀ ਸ਼ਰਫ਼ੁੱਦੀਨ ਨੇ ਫ਼ੌਜੀ ਦਸ ਤੇ ਲੈ ਕੇ ਕਣਕ ਵਢਦਿਆਂ ਸਿੰਘਾਂ ਉਤੇ ਜਾ ਧਾਵਾ ਕੀਤਾ। ਖੇਤਾਂ ਵਿਚ ਵਾਢੀ ਕਰਦਿਆਂ ਸਿੰਘਾਂ ਪਾਸ ਦਾਤਰੀਆਂ ਤੋਂ ਸਿਵਾ ਹੋਰ ਕੀ ਹੋਣਾ ਸੀ ? ਸਿੰਘਾਂ ਨੇ ਦਾਤਰੀਆਂ ਨਾਲ ਹੀ ਮੁਕਾਬਲਾ ਕੀਤਾ ਤੇ ਦਾਤਰੀਆਂ ਨਾਲ ਹੀ ਕਈਆਂ ਦੇ ਢਿਡ ਪਾੜ ਸੁਟੇ ਤੇ ਕਈਆਂ ਨੂੰ ਘੋੜਿਆਂ ਤੋਂ ਧੂ ਧੂ ਥਲੇ ਡੇਗ ਲਿਆ, ਸ਼ਸਤਰ ਖੋਹ ਕੇ ਉਨ੍ਹਾਂ ਹੀ ਘੋੜਿਆਂ ਤੇ ਚੜ੍ਹ ਬੈਠੇ। ਸਰਹੰਦੀ ਫ਼ੌਜ ਦੇ ਕਈ ਸਵਾਰ ਮਾਰੇ ਗਏ ਤੇ ਬਹੁਤ ਸਾਰੇ ਫਟੜ ਹੋਏ। ਦੂਜੇ ਪਾਸੇ ਸਿੰਘ ਵੀ ਘਾਇਲ ਹੋਏ ਤੇ ਮਾਰੇ ਗਏ। ਸਰਹੰਦੀ ਫੌਜ ਨੁਕਸਾਨ ਕਰਾ ਕੇ ਪਿਛੇ ਹਟ ਗਈ। ਦੂਸਰੇ ਦਿਨ ਫ਼ੌਜ ਨੇ ਜ਼ਿਆਦਾ ਗਿਣਤੀ ਤੇ ਤਿਆਰੀ ਨਾਲ ਹਮਲਾ ਕੀਤਾ। ਪਰ ਅੱਜ ਸਿੰਘ ਹਥੋਂ ਖ਼ਾਲੀ ਨਹੀਂ ਸਨ। ਕਣਕ ਦਿਆਂ ਪੱਕਿਆਂ ਖੇਤਾਂ ਵਿਚ ਗਹਿਗਚ ਮੁਕਾਬਲਾ ਹੋਇਆ। ਸਰਹੰਦੀਆਂ ਦੇ ਕੁਝ ਸਵਾਰ ਤੇ ੧੮ ਘੋੜੇ ਮਾਰੇ ਗਏ। ਬਹਾਦਰ ਨਾਮੀ ਇਕ ਜਮਾਦਾਰ ਅਤੇ ੨੨ ਸਿਪਾਹੀ ਜ਼ਖਮੀ ਹੋਏ। ਇਸ ਦੀ ਖ਼ਬਰ ੧੭ ਅਪ੍ਰੈਲ ਨੂੰ ਫ਼ਰਖ਼ਸੀਅਰ ਪਾਸ ਦਿਲੀ ਪੁਜੀ। ਸਰਹੰਦ ਦੇ ਫ਼ੌਜਦਾਰ ਜ਼ੈਨਦੀਨ ਅਹਿਮਦ ਖ਼ਾਨ ਨੇ ਆਪਣੀ ਫੌਜ ਦੀ ਇਸ ਤਰ੍ਹਾਂ ਹੋਈ ਦੁਰਗਤ ਤੇ ਬੜਾ ਵੱਟ ਖਾਧਾ। ਆਪਣੇ ਭਤੀਜੇ ਮੀਰ ਅਬੁਲ ਮੁਕਾਰਮ ਦੀ ਕਮਾਨ ਹੇਠ ਦੋ ਹਜ਼ਾਰ ਸਵਾਰ ਸਿੰਘਾਂ ਵਿਰੁਧ ਗਸ਼ਤ ਕਰ ਕੇ ਉਨ੍ਹਾਂ ਨੂੰ ਮਾਰ ਮੁਕਾਉਣ ਜਾਂ ਫੜ ਲਿਆਉਣ ਲਈ ਭੇਜੇ। ਇਨ੍ਹਾਂ ਸਾਰਾ ਇਲਾਕਾ ਗਾਹ ਮਾਰਿਆ। ਇਹ ਫੌਜ ਜਦ ਚਕਰ ਲਾਉਂਦੀ ਰੋਪੜ ਲਾਗੇ ਪੁਜੀ ਤਾਂ ਸਿੰਘਾਂ ਨਾਲ ਟਾਕਰਾ ਹੋ ਗਿਆ, ਜਿਸ ਵਿਚ ਤੀਰਾਂ ਨਾਲ ਫੌਜ ਦਾ ਚੋਖਾ ਨੁਕਸਾਨ ਹੋਇਆ। ਇਸ ਘਟਨਾ ਦੀ ਖ਼ਬਰ ੭ ਮਈ ਨੂੰ ਦਿਲੀ ਬਾਦਸ਼ਾਹ ਪਾਸ ਪੁਜੀ, ਜਿਸ ਵਿਚ ਲਿਖਿਆ ਹੋਇਆ ਹੈ ਕਿ ੩੦੦ ਸਿੱਖ ਕਤਲ ਹੋਏ ਅਤੇ ਬਾਦਸ਼ਾਹੀ ਫੌਜ ਦੇ ਦੋ ਸੌ ਸਵਾਰ ਅਤੇ ਪਿਆਦੇ ਮਰੇ ਅਤੇ ਕੁਝ ਬੁਰੀ ਤਰ੍ਹਾਂ ਜ਼ਖਮੀ ਹੋਏ।

[ਚਲਦਾ]

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |





www.AKJ.Org

# ਪੂਰਨ ਕਿਰਪਾ-ਪ੍ਰਾਪਤੀ ਲਈ 'ਨਾਮ-ਜਾਪ'

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥੨॥੧੧॥
[ਮ: ੪, ਗਉੜੀ ਕੀ ਵਾਰ, ਪੰਨਾ ੩੦੫

ਉਪਰਲੀ ਗੁਰੂ-ਪੰਗਤੀ ਦਸਦੀ ਹੈ ਕਿ ਗੁਰੂ ਉਪਦੇਸ਼ ਦੁਆਰਾ ਪ੍ਰਾਪਤ ਹੋਏ ਨਾਮ, ਅਰਥਾਤ, ਗੁਰਮਤਿ ਨਾਮ ਦੇ ਜਾਪ ਜਪਣ ਦਾ ਇਹ ਪਾਰਸ-ਭੂਤੀ ਪ੍ਰਤਾਪ ਹੁੰਦਾ ਹੈ ਕਿ "ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ" ਦੇ ਵਾਕ ਅਨੁਸਾਰ ਭਾਰੀ ਉੱਗਰ ਪਾਪ-ਦੋਖ-ਕਮਾਤੇ ਭੀ ਉਤਰ ਜਾਂਦੇ ਹਨ, ਜੈਸੇ ਕਿ ਗਨਿਕਾ ਪਾਪਣ ਦੇ ਉਤਰ ਗਏ। ਐਸਾ ਨਾਮ ਦੀ ਪਾਰਸ ਕਮਾਈ ਦਾ ਕਲਾ-ਕਉਤਕੀ ਪ੍ਰਭਾਵ ਹੈ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਪਹਿਲੇ ਪਹਿਲ ਨਾਮ ਅਭਿਆਸ ਕਮਾਈ ਅਰੰਭ ਕਰਨ ਲੱਗਿਆਂ ਮਨ ਟਿਕਦਾ ਨਹੀਂ ਅਤੇ ਅਨਿਕ ਪ੍ਰਕਾਰੀ ਸੰਕਲਪ ਵਿਕਲਪੀ ਫੁਰਨੇ ਕੁਫੁਰਨੇ ਫੁਰਦੇ ਰਹਿੰਦੇ ਹਨ। ਪਰ ਅਭਿਆਸੀ ਜਨ ਜ਼ੋਰੋ ਜ਼ੋਰ ਜੁਟਿਆ ਰਹੇ—ਰਸਨਾ ਕਰਕੇ, ਮੁਖ ਕਰਕੇ ਭੀ, ਸੁਆਸਾਂ ਦੇ ਸ਼ਬਦ-ਬਿਲੋਵਨੇ ਕਰਕੇ ਭੀ ਬਸ ਜੁਟਿਆ ਹੀ ਚਲਿਆ ਜਾਵੇ। ਫੁਰਨੇ ਕੁਫੁਰਨੇ ਸਣੇ ਸਣੇ ਨਾਮ ਅਭਿਆਸ ਦੇ ਪ੍ਰਭਾਵ ਕਰਕੇ ਦਗਧ ਹੋਣੇ ਸ਼ੁਰੂ ਹੋ ਜਾਣਗੇ। ਅਭਿਆਸੀ ਜਨ ਨੂੰ ਨਿਤਾਪ੍ਰਤਿ ਫ਼ਰਕ ਪੈਂਦਾ ਆਪੇ ਹੀ ਪ੍ਰਤੀਤ ਹੋਊ। ਇਸ ਬਿਧਿ ਹੁਕਮੀ ਬੰਦੇ ਨਾਮ ਅਭਿਆਸ ਕਮਾਈ ਕਮਾਉਣ ਵਾਲੇ ਗੁਰਸਿੱਖ ਉਤੇ ਇਕ ਦਿਨ ਪੂਰਨ ਕਿਰਪਾ ਹੋ ਜਾਂਦੀ ਹੈ ਅਤੇ ਉਸ ਦਾ ਮਨ ਉਸ ਦੇ ਵਸ ਵਿਚ ਆ ਜਾਂਦਾ ਹੈ। ਯਥਾ ਗੁਰਵਾਕ—

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦॥ [ਥਿਤੀ ਗਉ: ਮ: ੫, ਪੰਨਾ ੨੯੮

ਸਤਿਗੁਰੂ ਦੀ ਕਿਰਪਾ ਤਾਂ ਉਸ ਉਤੇ ਓਦੋਂ ਹੀ ਹੋਣੀ ਅਰੰਭ ਹੋ ਜਾਂਦੀ ਹੈ, ਜਦੋਂ ਦਾ ਉਹ ਆਪਣੇ ਪੂਰਬਲੇ ਕਰਮਾਂ ਕਰਿ ਗੁਰਮੰਤ੍ਰ ਰੂਪੀ ਉਪਦੇਸ਼ ਲੈਣ ਦਾ ਪਾਤਰ ਬਣ ਜਾਂਦਾ ਹੈ—

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥੨॥੧੧॥ (ਪੰ: ੩੦੫)

ਗੁਰ-ਪੰਗਤੀ ਦਾ ਭੀ ਇਹੋ ਭਾਵ ਹੈ ਕਿ ਜਿਸ ਉਪਰ ਸੁਆਮੀ ਸਿਰਜਨਹਾਰ ਪੂਰਬਲੇ ਕਰਮਾਂ ਕਰਿ ਨਦਰ ਨਿਹਾਰ ਕੇ ਦਇਆਲ ਹੁੰਦਾ ਹੈ, ਤਿਸ ਗੁਰਸਿੱਖ ਨੂੰ ਹੀ ਸਤਿਗੁਰੂ ਗੁਰਮੰਤ੍ਰ ਰੂਪੀ ਗੁਰ-ਉਪਦੇਸ਼ ਸੁਣਾਉਂਦਾ ਹੈ। ਗੁਰਮੰਤ੍ਰ ਰੂਪੀ ਗੁਰ-ਦੀਖਿਆ ਗੁਰੂ ਦੁਆਰਿਓਂ ਮਿਲਣ ਸਮੇਂ ਗੁਰ-ਨਦਰ-ਮਿਹਰੰਮਤੀ ਕਿਰਪਾ ਦਾ ਦਰਵਾਜ਼ਾ ਗੁਰ-ਦੀਖਸ਼ਤ ਗੁਰਸਿਖ ਉਤੇ ਖੁਲ੍ਹ ਜਾਂਦਾ ਹੈ ਅਤੇ ਜਿਉਂ ਜਿਉਂ ਇਹ ਗੁਰ-ਦੀਖਿਆ ਨੂੰ ਕਮਾਉਂਦਾ ਹੈ, ਤਿਉਂ ਤਿਉਂ ਉਸ ਉਤੇ ਦਿਨੋ ਦਿਨ ਹੋਰੋ ਹੋਰ ਕਿਰਪਾ-ਕਟਾਖਸ਼ੀ ਬਰਕਤਾਂ ਬਰਸਦੀਆਂ ਰਹਿੰਦੀਆਂ ਹਨ। ਹੱਤਾ ਕਿ ਉਸ ਦਾ ਮਨ ਉਸ ਦੇ ਵਸਗਤਿ ਹੋ ਜਾਂਦਾ ਹੈ। ਇਹ ਪੂਰਨ ਕਿਰਪਾ ਹੋ ਜਾਣ ਦੀ ਨਿਸ਼ਾਨੀ ਹੈ, ਇਸ ਮਨ ਦਾ ਵਸਗਤਿ ਆਉਣਾ ਸਭ ਨਾਮ ਅਭਿਆਸ ਕਮਾਈ ਦਾ ਸਦਕਾ ਹੈ।

ਇਸ ਪਦ ਨੂੰ ਪ੍ਰਾਪਤ ਹੋਣ ਪਰ ਅਭਿਆਸੀ ਜਨ ਦੇ ਹਿਰਦੇ ਅੰਦਰ ਆਤਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਥੇ ਅਪੜ ਕੇ 'ਨਾਮ' ਆਤਮ-ਜੋਤਿ-ਕਣੀ ਹੋ ਕੇ, ਅਭਿਆਸੀ ਜਨ ਦੇ ਹਿਰਦੇ ਨੂੰ ਵਿੰਨ ਲੈਂਦਾ ਹੈ। ਹੀਰਾ ਰਤਨ ਹੋ ਕੇ ਨਾਮ ਰੋਮ ਰੋਮ ਅੰਦਰ ਲਿਸ਼ਕਾਰੇ ਮਾਰਦਾ ਹੈ। ਜਿਉਂ ਜਿਉਂ ਅਭਿਆਸ ਕਰੀਦਾ ਹੈ, ਤਿਉਂ ਤਿਉਂ ਨਾਮ ਦੀਆਂ ਰਤਨ-ਜੋਤੀ ਲਿਸ਼ਕਾਂ ਜ਼ੋਰੋ ਜ਼ੋਰ ਹੋਰ ਵਧਦੀਆਂ ਹਨ ਅਤੇ ਹਿਰਦੇ-ਵੇਧਵੇਂ ਆਨੰਦ ਹੁਲਾਸ ਦਾ ਰਸ-ਵਿਗਾਸ ਭੀ ਵਧਦਾ ਹੀ ਜਾਂਦਾ ਹੈ। ਇਸ ਰਸ-ਜੋਤਿ-ਵਿਗਾਸੀ-ਆਨੰਦ-ਬਿਵਸਥਾ ਪ੍ਰਾਪਤ ਹੋਣ ਪਰ ਭੀ ਅਭਿਆਸੀ ਜਨ ਦਾ ਨਾਮ ਅਭਿਆਸ ਅਧਿਕ ਵਧੇਰਾ ਹੁੰਦਾ ਜਾਂਦਾ ਹੈ। ਨਾਮ ਅਭਿਆਸ ਕਮਾਈ ਦਾ ਠਲ੍ਹ ਥਾਹ ਕਿਤੇ ਭੀ ਨਹੀਂ। ਨਾਮੀ ਵਾਂਗੂ ਨਾਮ ਦੀ ਗਹਿਣਗਤਿ ਭੀ ਅਥਾਹ ਤੇ ਅਮਿਟ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਨਾਮ ਅਭਿਆਸ ਕਮਾਈ", ਪੰਨਾ ੯੦-੯੧



www.AKJ.Org

# ਸਦਾਚਾਰ ਧਰਮ ਦੇ ਆਸਰੇ ਹੀ

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਅਨੇਕਾਂ ਸਿਖ ਅਨੇਕਾਂ ਕਸ਼ਟ ਸਹਾਰਦੇ ਹੋਏ, ਧਰਮ ਅਤੇ ਉਪਕਾਰ ਦੀ ਖ਼ਾਤਰ, ਹੱਸ ਹੱਸ ਕੇ ਸ਼ਹੀਦ ਹੁੰਦੇ ਰਹੇ। ਭਾਈ ਮਨੀ ਸਿਘ ਜੀ, ਭਾਈ ਤਾਰੂ ਸਿੰਘ ਜੀ ਆਦਿਕ ਸੂਰਬੀਰਾਂ ਦੇ ਸਾਕੇ ਉੱਘੇ ਹਨ।

ਸਦਾਚਾਰ ਦੇ ਧੁਰ-ਉਪਰਲੇ ਡੰਡੇ ਤੇ ਇਹ ਬਹਾਦਰ ਕਿਵੇਂ ਪੁੱਜੇ ? ਇਸਦਾ ਉੱਤਰ ਇਕੋ ਹੀ ਹੋ ਸਕਦਾ ਹੈ ਕਿ ਉਹਨਾਂ ਦਾ ਆਤਮਾ ਆਪਣੇ ਮੂਲ-ਕਾਰਨ ਅਕਾਲ ਪੁਰਖ ਦੇ ਚਰਨਾਂ ਵਿਚ ਜੁੜਿਆ ਪਿਆ ਸੀ। ਡਿਗਦੇ ਉਹ ਹਨ ਜਿਹੜੇ ਧੁਰੇ ਨਾਲੋਂ ਟੁੱਟ ਹੋਏ ਹੁੰਦੇ ਹਨ।

ਸੱਚ ਤਾ ਇਹ ਹੈ ਕਿ ਸਦਾਚਾਰ ਧਰਮ ਦੇ ਆਸਰੇ ਤੋਂ ਬਿਨਾ ਰਹਿ ਹੀ ਨਹੀਂ ਸਕਦਾ। 'ਕਵਨ ਕਾਜ ਸਿਰਜੇ ਜਗ ਭੀਤਰਿ'* ? ਇਸ ਪ੍ਰਸ਼ਨ ਦੇ ਉੱਤਰ-ਮਾਤਰ ਵਿਚ ਹੀ ਸਦਾਚਾਰ ਪ੍ਰੋਤਾ ਹੋਇਆ ਹੈ, ਅਤੇ ਇਸੇ ਪ੍ਰਸ਼ਨ ਦੇ ਉੱਤਰ ਤੋਂ ਹੀ ਧਰਮ ਦੀ ਸਮਝ ਪੈਂਦੀ ਹੈ।

ਆਮ ਤੌਰ ਤੇ ਫ਼ਿਲਾਸਫ਼ੀ ਅਤੇ ਸਾਇੰਸ ਦੇ ਵਿਦਵਾਨ ਸਦਾ ਤੋਂ 'ਧਰਮ' ਨੂੰ ਮਖੌਲ ਕਰਦੇ ਆਏ ਹਨ। ਇਨ੍ਹਾਂ ਦੇ ਖ਼ਿਆਲ ਅਨੁਸਾਰ 'ਧਰਮ' ਪਖੰਡ ਵਾਲੇ ਪਾਸੇ ਦਾ ਰੁਖ਼ ਮੋੜਦਾ ਹੈ, ਸਦਾਚਾਰ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਅਤੇ ਧਰਮ ਤੋਂ ਬਿਨਾ ਹੀ ਮਨੁਖ ਆਪਣੇ ਚਾਲਚਲਨ ਨੂੰ ਠੀਕ ਕਰ ਸਕਦਾ ਹੈ। ਸਦਾਚਾਰ ਹੀ ਲੋੜੀਂਦੀ ਸ਼ੈ ਹੈ, ਧਰਮ ਸਗੋਂ ਫ਼ਾਲਤੂ ਭਾਰ ਹੈ। ਸਦਾਚਾਰ ਨੂੰ ਉਹ ਆਪਣੇ ਘਰ ਵਲ ਖਿੱਚਦੇ ਹਨ ਅਤੇ ਆਖਦੇ ਹਨ ਕਿ ਸਦਾਚਾਰ ਫ਼ਿਲਾਸਫ਼ੀ ਤੋਂ ਬਣਦਾ ਹੈ।

ਪਰ ਜੇ ਅਸੀ ਸ਼ਾਸਤਰਾਂ ਦੀ ਖੋਜ ਕਰੀਏ, ਤਾਂ ਇਹ ਪਤਾ ਮਿਲਦਾ ਹੈ ਕਿ ਉਹਨਾਂ ਦੀ ਸਾਰੀ ਵਿਚਾਰ ਦਾ ਮੰਤਵ ਇਹ ਹੈ ਜੁ ਜੀਵ ਸਸਾਰ ਰੂਪੀ ਦੁੱਖਾਂ ਦੇ ਸਮੁੰਦਰ ਤੋਂ ਪਾਰ ਲੰਘ ਸਕੇ। ਦੂਜੇ ਲਫ਼ਜ਼ਾਂ ਵਿਚ ਇਹ ਆਖ ਲਉ ਕਿ ਇਹ ਸਾਰੀ ਵਿਚਾਰ ਮਨੁੱਖ ਨੂੰ ਆਪਣੇ ਆਪ ਵਿਚ ਹੀ ਰੱਖਦੀ ਹੈ, ਦੁੱਖਾਂ ਨੂੰ ਵੇਖ ਕੇ ਨਿਰਾ ਆਪੇ ਨੂੰ ਹੀ ਬਚਾਣ ਦਾ ਉੱਦਮ ਹੈ। ਸਰੀਰ ਦੁਆਰਾ ਉਹੀ ਕਰਮ ਹੁੰਦੇ ਹਨ, ਜਿਧਰ ਅੰਦਰਲੇ ਦਾ ਰੁੱਖ਼ ਹੋਵੇ। ਜੇ ਫ਼ਿਲਾਸਫ਼ੀ ਆਪੇ ਨੂੰ ਬਚਾਣ ਦੀ ਵਿਚਾਰ ਕਰਦੀ ਹੈ, ਤਾਂ ਇਸ ਵਿਚਾਰ ਦੀ ਰਾਹੀਂ ਦੂਜਿਆਂ ਵਾਸਤੇ ਆਪਾ ਵਾਰਨ ਦਾ ਖ਼ਿਆਲ ਅੰਦਰ ਉੱਠ ਹੀ ਨਹੀਂ ਸਕਦਾ। ਫ਼ਿਲਾਸਫ਼ੀ ਯੁਕਤੀਆਂ ਨਾਲ ਕਦੇ ਸਾਬਤ ਨਹੀਂ ਕਰ ਸਕਦੀ ਕਿ ਦੂਜਿਆਂ ਵਾਸਤੇ ਆਪਾ ਵਾਰਨਾ ਹੀ ਜੀਵਨ ਦਾ ਮੰਤਵ ਹੈ ਅਤੇ ਇਸ ਵਾਸਤੇ ਕਰਤਾਰ ਨੇ ਮਨੁੱਖ ਨੂੰ ਸੰਸਾਰ ਵਿਚ ਘੱਲਿਆ ਹੈ।

ਇਹ ਸਿੱਖਿਆ ਮਿਲਦੀ ਹੈ ਗੁਰ-ਸਿੱਖੀ ਦੇ ਪ੍ਰਕਾਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰੋਂ ਘਰੋਂ। ਸਿੱਖ ਨੂੰ ਇਸ ਵੇਹੜੇ ਕਦਮ ਰਖਦੇ ਹੀ ਆਪ ਆਖਦੇ ਹਨ :—

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥

[ਮਾਰੂ ਵਾਰ ਮ: ੫, ਪੰਨਾ ੧੧੦੨

ਜਾਤ ਪਾਤ ਆਦਿਕ ਸਭ ਸੰਸਾਰਕ ਵਡਿਆਈਆਂ ਦਾ ਮਾਣ ਛਡਵਾ ਕੇ—

ਪਹਿਲੇ ਗੁਰ ਉਪਦੇਸ਼ ਦੇ, ਸਿੱਖ ਪੈਰੀਂ ਪਾਏ॥
ਸਾਧ ਸੰਗਤਿ ਕਰਿ ਧਰਮਸਾਲ, ਸਿੱਖ ਸੇਵਾ ਲਾਏ॥ (੯/੧੭) [ਭਾ: ਗੁਰਦਾਸ ਜੀ

ਸਾਹਿਬ ਗੁਰੂ ਕਲਗੀਧਰ ਜੀ ਦੀਵਾਨ ਵਿਚ ਬੈਠੇ ਸਨ। ਹਜ਼ੂਰੀ ਵਿਚ ਸੁਭ ਤੋਂ ਅੱਗੇ ਸੁੰਦਰ ਬਸਤਰਾਂ ਵਾਲਾ ਇਕ ਸਿੰਘ ਬੈਠਿਆ ਕਰਦਾ ਸੀ। ਹੁਕਮ ਹੋਇਆ, "ਜਲ ਦਾ ਗਲਾਸ ਲਿਆਓ।" ਸਿੰਘ ਜਲ ਲੈ ਕੇ ਹਾਜ਼ਰ ਹੋਇਆ। ਉਸ ਦੇ ਹੱਥਾਂ ਵਲ ਵੇਖ ਕੇ ਆਪ ਨੇ ਮੁਸਕ੍ਰਾ ਕੇ ਆਖਿਆ, "ਭਾਈ ਤੇਰੇ ਹੱਥ ਬੜੇ ਕੋਮਲ ਹਨ।"

---

*ਰਾਮਕਲੀ ਕਬੀਰ ਜੀ, ੧॥੮॥ ਪੰਨਾ ੯੭੦



www.AKJ.Org

ਉੱਤਰ ਦਿਤੋਸੁ, "ਹਜ਼ੂਰ ! ਇਹਨਾਂ ਹੱਥਾਂ ਨਾਲ ਅੱਜ ਪਹਿਲੇ ਦਿਨ ਆਪ ਵਾਸਤੇ ਜਲ ਲਿਆਇਆ ਹਾਂ, ਨਹੀਂ ਤਾਂ ਸੇਵਾ ਦਾ ਅਵਸਰ ਕਦੀ ਨਹੀਂ ਬਣਿਆ।" ਆਪ ਨੇ ਇਹ ਸੁਣ ਕੇ ਜਲ ਦਾ ਗਲਾਸ ਮੋੜ ਦਿੱਤਾ ਤੇ ਆਖਿਆ:–

ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ, ਗੁਰ ਲਗੈ ਨ ਚਰਣੀ ॥
ਧ੍ਰਿਗੁ ਲੋਇਣ ਗੁਰ ਦਰਸ ਵਿਣੁ, ਵੇਖੈ ਪਰ ਤਰਣੀ ॥
ਧ੍ਰਿਗੁ ਸਰਵਣ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ ॥
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ, ਹੋਰ ਮੰਤ੍ਰ ਸਿਮਰਣੀ ॥
ਵਿਣੁ ਸੇਵਾ ਧ੍ਰਿਗੁ ਹੱਥ ਪੈਰ, ਹੋਰ ਨਿਹਫਲ ਕਰਣੀ ॥
ਪੀਰ ਮੁਰੀਦਾਂ ਪਿਰਹੜੀ, ਸੁਖੁ ਸਤਿਗੁਰ ਸਰਣੀ ॥ (੨੭/੧੦) [ਭਾ: ਗੁਰਦਾਸ ਜੀ

ਇਹ ਨਿਸਚਾ ਕਰਾਉਣ ਵਾਸਤੇ ਕਿ ਸਾਰੀ ਰਚਨਾ ਸਿਰਜਨਹਾਰ ਦੀ ਹੈ, ਸਭ ਜੀਵ ਉਸ ਦੇ ਪੁੱਤਰ ਹਨ ਅਤੇ ਮਨੁੱਖ ਸਭ ਦੀ ਸੇਵਾ ਇਕ-ਰਸ ਕਰੇ–ਇਸ ਨਿਸਚੇ ਵਾਸਤੇ ਜ਼ਰੂਰੀ ਹੈ ਕਿ ਅੰਦਰਲੇ ਦਾ ਰੁਖ ਸਿਰਜਨਹਾਰ ਦੇ ਚਰਨਾਂ ਵਿਚ ਜੁੜ ਕੇ ਰਜ਼ਾ ਦੇ ਮੰਡਲ ਵਿਚ ਆਵੇ। ਪਰ ਇਹ ਉੱਦਮ ਫ਼ਿਲਾਸਫ਼ੀ ਦੇ ਵਿਤ ਤੋਂ ਪਰੇ ਹੈ। ਹਾਂ, ਗੁਰਸਿੱਖੀ ਵਾਲਾ ਸੱਚਾ ਅਤੇ ਸੁੱਚਾ ਰਾਹ ਪਹਿਲਾਂ ਚਾੜ੍ਹਦਾ ਹੀ ਇਸੇ ਪਟੜੀ ਤੇ ਹੈ। ਸੁਜਾਨ ਵੈਦ ਸਤਿਗੁਰੂ ਜਾਣਦਾ ਹੈ ਕਿ ਹਉਮੈ ਦਾ ਰੋਗ ਉਠਦਾ ਹੀ ਤਾਹੀਏਂ ਹੈ ਜੇ ਅੰਦਰਲਾ ਟਿਕਾਣੇ ਤੇ ਨਾ ਹੋਵੇ। ਟਿਕਾਣੇ ਤੇ ਨਾ ਹੋਣ ਕਰਕੇ ਮਨੁੱਖ ਨਿਸ਼ਕਾਮ ਸੇਵਾ ਨਹੀਂ ਕਰ ਸਕਦਾ। ਇਸ ਵਾਸਤੇ ਸਤਿਗੁਰੂ ਪਹਿਲਾਂ ਹੀ ਮਨੁੱਖ ਦੇ ਅੰਦਰਲੇ ਨੂੰ ਅਸਲੀ ਧੁਰੇ ਨਾਲ ਜੋੜਦਾ ਹੈ ਅਤੇ ਆਖਦਾ ਹੈ :

ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥੨॥੧੮॥ (੨੮੬)

**ਸਾਇੰਸ ਤੇ ਸਦਾਚਾਰ–**

ਆਓ ਇਸੇ ਲੜੀ ਵਿਚ ਸਾਇੰਸ ਤੇ ਭੀ ਵਿਚਾਰ ਕਰੀਏ। ਇਸ ਵਿੱਦਿਆ ਵਾਲੇ ਭੀ ਆਖਦੇ ਹਨ ਕਿ 'ਸਦਾਚਾਰ' ਦਾ 'ਧਰਮ' ਨਾਲ ਕੋਈ ਸੰਬੰਧ ਨਹੀਂ, ਸਗੋਂ ਸਾਇੰਸ-ਵਿੱਦਿਆ ਦੇ ਬਲ ਨਾਲ ਮਨੁੱਖ ਹੱਛੇ ਚਾਲ ਚਲਨ ਵਾਲਾ ਹੋ ਸਕਦਾ ਹੈ। ਸੰਸਾਰ ਦੇ ਵਧਣ ਫੁੱਲਣ ਦਾ ਸਿਰਫ਼ ਇਕ ਨਿਯਮ ਹੈ, ਜਿਸ ਨੂੰ ਉਹ ਆਖਦੇ ਹਨ 'ਪਰਿਣਾਮ-ਵਾਦ' 'ਪ੍ਰਣਾਮ-ਵਾਦ' (Theory of Evolution)। ਇਸ ਦੇ ਅਨੁਸਾਰ ਦੁਨੀਆ ਵਿਚ ਉਹ ਮਨੁੱਖ ਜਾਂ ਮਨੁੱਖਾਂ ਦਾ ਉਹ ਇਕੱਠ ਹੀ ਜੀਉ ਸਕਦਾ ਹੈ, ਜਿਹੜਾ ਆਪਣੇ ਬਲ ਦੀ ਸਹਾਇਤਾ ਨਾਲ ਆਪਣੀ ਜ਼ਿੰਦਗੀ ਨੂੰ ਕਾਇਮ ਰੱਖ ਸਕਦਾ ਹੈ, ਅਤੇ ਉਸੇ ਦੇ ਹੀ ਜੀਉਣ ਦਾ ਕੁਦਰਤੀ ਹੱਕ ਹੈ।

ਇੱਥੇ ਤਾਂ ਕਿਸੇ ਜੁਗਤੀ ਦੀ ਲੋੜ ਹੀ ਨਹੀਂ ਰਹੀ। ਇਸ ਨਿਯਮ ਵਾਲੇ ਮਨੁੱਖ ਸਦਾ ਆਪਣੇ ਆਪ ਨੂੰ ਬਲਵਾਨ ਬਣਾਉਣ ਦੇ ਉੱਦਮ ਵਿਚ ਰਹਿਣਗੇ, ਅਤੇ ਸੁਤੇ ਹੀ ਦੂਜਿਆਂ ਨੂੰ ਪੈਰਾਂ ਹੇਠ ਲਤਾੜਨ ਦੇ ਬਾਨ੍ਹਣੂ ਬੰਨ੍ਹਣਗੇ। ਜਦੋਂ ਅੰਦਰਲੇ ਦਾ ਰੁਖ ਹੀ ਆਪਣੇ ਸੁਖ ਵਿਚ ਮਗਨ ਹੋਇਆ, ਉਥੇ ਸਦਾਚਾਰ ਦਾ ਅਸਲੀ ਆਦਰਸ਼ ਅੱਖੀਆਂ ਅਗੇ ਆ ਹੀ ਕਦੋਂ ਸਕਦਾ ਹੈ ?

ਇਸੇ ਸ਼ਰੇਣੀ ਦੇ ਕਈ ਵਿਦਵਾਨ ਆਖਦੇ ਹਨ, ਇਹ ਤਾਂ ਸੱਚ ਹੈ ਕਿ ਉਪਰੋਕਤ ਨਿਯਮ ਅਨੁਸਾਰ ਮਨੁੱਖ ਦੂਜਿਆਂ ਨੂੰ ਲਤਾੜਨ ਅਤੇ ਆਪਣੇ ਆਪ ਨੂੰ ਬਲਵਾਨ ਬਣਾਉਣ ਦਾ ਉੱਦਮ ਕਰਦੇ ਹਨ, ਪਰ ਇਸ ਤੋਂ ਵਖਰਾ ਇਕ ਹੋਰ ਨਿਯਮ ਭੀ ਹੈ, ਜਿਹੜਾ ਮਨੁੱਖ ਨੂੰ ਇਕ ਖ਼ਾਸ ਹੱਦ ਤੋਂ ਅੱਗੇ ਵਧਣ ਨਹੀਂ ਦੇਂਦਾ। ਇਹ ਕੁਦਰਤ ਵਲੋਂ ਹੀ ਸੁਭਾਉ ਹੈ ਕਿ ਜੀਵ ਇਕੱਠੇ ਮਿਲ ਕੇ ਰਹਿਣ। ਇਸ ਸੁਭਾਉ ਦਾ ਅਸਰ ਇਹ ਹੁੰਦਾ ਹੈ ਕਿ ਮਨੁੱਖ ਖ਼ੁਦਗਰਜ਼ੀ ਦੇ ਉਹਨਾਂ ਵਲਵਲਿਆਂ ਨੂੰ ਆਪਣੇ ਅੰਦਰ ਰੋਕਦੇ ਹਨ, ਜਿਹੜੇ ਉਹਨਾਂ ਦੀ ਸਭਾ, ਪੰਥ ਜਾਂ ਦੇਸ਼ ਵਾਸਤੇ ਹਾਨੀਕਾਰਕ ਹੋਣ। ਦੂਜੇ ਪਾਸੇ, ਉਹ ਪੰਥ ਜਾਂ ਦੇਸ਼ ਭੀ ਕਾਨੂੰਨ ਜਾਂ ਕਿਸੇ ਹੋਰ ਬਲ ਨਾਲ ਮਨੁੱਖਾਂ ਦੇ ਇਹੋ ਜਿਹੇ ਵਲਵਲਿਆਂ ਨੂੰ ਬੰਦ ਕਰਦਾ ਹੈ। ਸੋ ਇਸ ਤਰ੍ਹਾਂ ਉਪਰੋਕਤ ਨਿਯਮ ਦੇ ਹੁੰਦਿਆਂ ਭੀ ਮਨੁੱਖ ਆਪਣੇ ਪੰਥ ਜਾਂ



www.AKJ.Org

ਦੇਸ਼ ਦੀ ਖ਼ਾਤਰ ਆਪ ਵਾਰਦੇ ਹਨ ਅਤੇ ਆਪੋ ਵਿਚ ਸਲੂਕ ਨਾਲ ਵੱਸਦੇ ਹਨ।

ਇਸ ਯੁਕਤੀ ਤੋਂ ਇਹ ਸਿੱਧ ਹੋਇਆ ਕਿ ਇਕ ਦੇਸ਼ ਵਿਚ ਭਾਵੇਂ ਕਈ ਤਾਂ ਭੁੱਖੇ ਮਰਦੇ ਹੋਣ ਤੇ ਕਈ ਧਨ ਦੀ ਖ਼ੁਮਾਰੀ ਵਿਚ ਮਸਤ ਹੋ ਕੇ ਪਏ ਸ਼ਰਾਬਾਂ ਪੀਣ, ਰੰਗ ਮਾਨਣ, ਪਰ ਜਿਤਨਾ ਚਿਰ ਇਹ ਸਭ ਕੁਝ ਕਾਨੂੰਨ ਦੀ ਹੱਦ ਦੇ ਅੰਦਰ ਹੈ, ਉਹ ਮਨੁੱਖ ਸਦਾਚਾਰੀ ਹਨ। ਇਹਦੇ ਉੱਤੇ ਇਕ ਹੋਰ ਨੁਕਰੋਂ ਭੀ ਵਿਚਾਰ ਕਰ ਵੇਖੀਏ। ਸਾਡੇ ਦੇਸ਼ ਵਿਚ ਸਾਂਹਸੀ, ਭੇਡ-ਕੁੱਟ ਆਦਿਕ ਕਈ ਫ਼ਿਰਕੇ ਵੱਸਦੇ ਹਨ। ਉਹਨਾਂ ਵਿਚੋਂ ਹਰੇਕ ਮਨੁੱਖ ਆਪਣੀ ਜਾਤ-ਕੁਲ ਦੇ ਨਿਯਮਾਂ ਅਨੁਸਾਰ ਰਹਿੰਦਾ ਹੈ, ਜੇ ਕੋਈ ਮਨੁੱਖ ਨਿਯਮ ਤੋੜੇ, ਤਾਂ ਉਹ ਆਪਣੀ ਦੰਡਾਵਲੀ ਅਨੁਸਾਰ ਯੋਗ ਦੰਡ ਭੀ ਦੇਂਦੇ ਹਨ। ਪਰ ਕੀ ਤੁਸੀ ਆਖ ਸਕਦੇ ਹੋ ਕਿ ਉਹ ਸਦਾਚਾਰ ਵਾਲੇ ਲੋਕ ਹਨ ? ਜੇ ਹਨ, ਤਾਂ ਤੁਸੀ ਉਹਨਾਂ ਉੱਤੇ ਪੁਲਸ ਦੇ ਪਹਿਰੇ ਕਿਉਂ ਲਾਵੋ ? ਡਾਕੂਆਂ ਦਾ ਜਥਾ ਭੀ ਆਪਣੇ ਆਗੂ ਦੇ ਹੁਕਮ ਵਿਚ ਰਹਿੰਦਾ ਹੈ। ਹਰੇਕ ਡਾਕੂ ਆਪਣੀ ਗ਼ਰਜ਼ ਨੂੰ ਸਾਰੇ ਜੱਥੇ ਦੀ ਖ਼ਾਤਰ ਕੁਰਬਾਨ ਕਰਦਾ ਹੈ। ਕੀ ਇਹ ਸਦਾਚਾਰੀ ਹਨ ?

ਕਿਸੇ ਪੰਥ ਜਾਂ ਦੇਸ਼ ਦੇ ਵਖੋ ਵਖਰੇ ਮਨੁੱਖਾਂ ਦਾ ਆਪਣੀ ਗ਼ਰਜ਼ ਨੂੰ ਉਸ ਪੰਥ ਜਾਂ ਦੇਸ਼ ਦੀ ਖ਼ਾਤਰ ਕੁਰਬਾਨ ਕਰਨਾ ਸਦਾਚਾਰ ਦੀ ਕਸਵੱਟੀ ਤੇ ਮੁੱਲ ਨਹੀਂ ਪਾ ਸਕਦਾ, ਕਿਉਂਕਿ (ਧਰਮ ਤੋਂ ਖ਼ਾਲੀ ਹੋਣ ਕਰਕੇ) ਨਿਯਮ ਤਾਂ ਉਹੋ ਹੀ ਰਿਹਾ—'ਮਾੜਿਆਂ ਨੂੰ ਲਤੜਨਾ ਤੇ ਆਪ ਬਲਵਾਨ ਬਣਨਾ।' ਅਗੇ ਥਾਉਂ ਥਾਈਂ ਹਰੇਕ ਮਨੁੱਖ ਬਲਵਾਨ ਹੋਣ ਦਾ ਉੱਦਮ ਕਰਦਾ ਸੀ, ਹੁਣ ਦਸ ਭਰਾ ਇਕੱਠੇ ਰਲ ਕੇ ਇਸ ਉੱਦਮ ਵਿਚ ਲੱਗ ਪਏ। ਪੰਥ-ਉੱਨਤੀ ਜਾਂ ਦੇਸ਼-ਉੱਨਤੀ ਦਾ ਖ਼ਿਆਲ ਇਕ ਫ਼ਿਰਕੇ ਜਾਂ ਇਕ ਦੇਸ਼ ਦੇ ਮਨੁੱਖਾਂ ਨੂੰ ਇਕੱਠਾ ਤਾਂ ਕਰ ਦੇਂਦਾ ਹੈ, ਪਰ ਉਹ ਕਲਹ ਨਹੀਂ ਮੁੱਕਦੀ। ਅੱਗੇ ਮਨੁੱਖ ਮਨੁੱਖ ਆਪੋ ਵਿਚ ਖਹਿੰਦੇ ਸਨ, ਹੁਣ ਇਕ ਦੇਸ਼ ਦੂਜੇ ਦੇਸ਼ ਦੇ ਨਾਲ ਅੱਡਾ ਲਾ ਬਹੇਗਾ। ਸਗੋਂ ਅੱਗੇ ਤਾਂ ਨੁਕਸਾਨ ਘੱਟ ਸੀ, ਹੁਣ ਘੋਰ ਜੁਧ ਹੋ ਹੋ ਕੇ ਬਹੁਤਿਆਂ ਦੇ ਆਹੂ ਲਹਿਣਗੇ।

ਮੁਕਦੀ ਗੱਲ, ਸਦਾਚਾਰ ਦਾ ਸਮਾਜਿਕ ਤਰੱਕੀ ਉੱਤੇ ਇਤਨਾ ਹੀ ਨਿਰਭਰ ਹੈ, ਜਿਤਨਾ ਸੇਕ ਦਾ ਅੰਗੀਠੀ ਉੱਤੇ। ਸੇਕ ਦਾ ਕੇਂਦਰ ਤਾਂ ਹੈ ਸੂਰਜ। ਹਾਂ, ਅੰਗੀਠੀ ਵਿਚੋਂ ਭੀ ਸੇਕ ਆ ਸਕਦਾ ਹੈ ਜੇ ਲਕੜੀਆਂ (ਜਿਨ੍ਹਾਂ ਵਿਚ ਸੂਰਜ ਨੇ ਹੀ ਅੱਗ ਲੁਕਾ ਕੇ ਰੱਖੀ ਹੈ) ਪਾ ਕੇ ਬਾਲੀਏ। ਇਸੇ ਤਰ੍ਹਾਂ ਸਦਾਚਾਰ ਦਾ ਕੇਂਦਰ ਤਾਂ ਹੈ 'ਧਰਮ'। ਕਿਸੇ ਪੰਥ ਜਾਂ ਦੇਸ਼ ਦੀ ਉੱਨਤੀ ਨਾਲ ਸਦਾਚਾਰ ਦਾ ਪ੍ਰਭਾਵ ਵੀ ਵਧ ਸਕਦਾ ਹੈ, ਜੇ ਉਸ ਪੰਥ ਜਾਂ ਦੇਸ਼ ਦੀ ਜੜ੍ਹ 'ਧਰਮ' ਤੇ ਲੱਗੀ ਹੋਈ ਹੋਵੇ।

**ਅੰਤਮ ਗੱਲ—**

ਬੈਂਡ (band) ਵੱਜਦਾ ਹੋਵੇ, ਬੜਾ ਸੁੰਦਰ ਰਾਗ ਹੋ ਰਿਹਾ ਹੋਵੇ, ਪਰ ਜੇ ਰਾਗ ਦੇ ਜਾਣੂ ਆਗੂ ਦੀ ਥਾਂ ਇਕ ਅੰਞਾਣ ਜਾ ਖਲੋਵੇ, ਤੇ ਪਹਿਲੇ ਆਗੂ ਵਾਂਗ ਸੋਟੀ ਹਿਲਾਣ ਲੱਗ ਪਵੇ। ਸਿੱਟਾ ਕੀ ਹੋਵੇਗਾ ? ਵਾਜਾ ਵਜਾਣ ਵਾਲਿਆਂ ਦੀ ਆਪਣੀ ਸੂਝ ਦੇ ਕਾਰਨ ਘੜੀ ਦੀ ਘੜੀ ਤਾਂ ਵਾਜਾ ਵੱਜਦਾ ਰਹੇਗਾ, ਪਰ ਝਬਦੇ ਹੀ ਉਸ ਅੰਞਾਣ ਆਗੂ ਦੇ ਸੋਟੀ ਹਿਲਾਣ ਦੇ ਸਬੱਬ, ਵਜੰਤ੍ਰੀਆਂ ਦੀ ਆਪੋ ਵਿਚ ਦੀ ਤਾਰ ਤੇ ਲੇ ਟੁੱਟ ਜਾਏਗੀ, ਤੇ ਰਸੋਂ ਬੇਰਸ ਹੋ ਕੇ ਅਖ਼ੀਰ ਨੂੰ ਰਾਗ ਬੰਦ ਹੋ ਜਾਵੇਗਾ। ਠੀਕ ਇਹੀ ਦਸ਼ਾ ਹੁੰਦੀ ਹੈ ਉਸ ਕੌਮ ਦੇ ਸਦਾਚਾਰ ਦੀ, ਜਿਸ ਦੇ ਆਗੂ ਉਹ ਆਦਮੀ ਬਣ ਬਹਿੰਦੇ ਹਨ, ਜਿਨ੍ਹਾਂ ਵਿਚ ਨਾ ਤੇ ਧਰਮ ਦੀ ਸਮਝ ਤੇ ਪਿਆਰ ਹੁੰਦਾ ਹੈ, ਅਤੇ ਨਾ ਹੀ ਉਹ ਧਰਮ ਨੂੰ ਜ਼ਰੂਰੀ ਸਮਝਦੇ ਹਨ। ਐਸੇ ਆਗੂਆਂ ਦੀ ਦਸ਼ਾ ਸ੍ਰੀ ਕਬੀਰ ਜੀ ਐਉਂ ਦੱਸਦੇ ਹਨ :—

ਕਬੀਰ ਭਾਰ ਪਰਾਈ ਸਿਰਿ ਚਰੈ, ਚਲਿਓ ਚਾਹੈ ਬਾਟ॥
ਅਪਨੇ ਭਾਰਹਿ ਨ ਡਰੈ, ਆਗੈ ਅਉਘਟ ਘਾਟ ॥੯੯॥ (ਪੰਨਾ ੧੩੬੯)

ਸਦਾਚਾਰ ਦੀ ਪਗਡੰਡੀ ਤੇ ਉਹੀ ਮਨੁਖ ਚੱਲ ਸਕਦਾ ਹੈ ਤੇ ਹੋਰਨਾਂ ਨੂੰ ਭੀ ਚਲਾ ਸਕਦਾ ਹੈ, ਜਿਸ ਦੇ ਅੰਦਰ ਗੁਰਸਿੱਖੀ ਦੇ ਸੱਚੇ ਅਤੇ ਸੱਚੇ ਭਾਵ ਦਾ ਚਾਨਣਾ ਹੈ। ਸੁਖਮਨੀ ਸਾਹਿਬ ਵਿਚ ਸਤਿਗੁਰੂ ਜੀ ਫ਼ੁਰਮਾਂਦੇ ਹਨ—

ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ।੭॥੫॥ (੨੬੯)



www.AKJ.Org

# ਦੋਦੜ-ਪੰਥੀ ਗੁਰੂ-ਡਮ

ਸਿਖ ਧਰਮ ਦੇ ਅਰੰਭ ਕਾਲ ਤੋਂ ਹੀ ਧਰਮ ਦੇ ਦੋਖੀਆਂ ਵਲੋਂ ਇਸ ਨੂੰ ਕਮਜ਼ੋਰ ਕਰਨ ਲਈ ਕੁਟਲ ਚਾਲਾਂ ਚਲੀਆਂ ਜਾਂਦੀਆਂ ਰਹੀਆਂ ਹਨ। ਪੁਰਾਤਨ ਕਾਲ ਵਿਚ ਹਿੰਦਾਲੀਏ, ਨਿਰੰਜਨੀਏ, ਸਤਨਾਮੀਏ, ਮੀਣੇ, ਧੀਰ-ਮਲੀਏ, ਰਾਮ ਰਾਈਏ ਆਦਿ ਕਈ ਟੋਲੇ ਸਮੇਂ ਸਮੇਂ ਆਪੋ ਆਪਣੇ ਢੰਗ ਨਾਲ ਸਿਖ ਸਿਧਾਂਤ ਵਿਚ ਰਲੇ ਪਾਉਣ ਅਤੇ ਇਸ ਦੀ ਰੂਪ-ਰੇਖਾ ਨੂੰ ਵਿਗਾੜਨ ਦਾ ਕੋਝਾ ਜਤਨ ਕਰਦੇ ਰਹੇ ਹਨ।

ਵਿਰੋਧੀਆਂ ਵਲੋਂ ਇਹ ਕੋਝੇ ਜਤਨ ਸਤਿਗੁਰਾਂ ਦੀ ਹੀਣ ਹਯਾਤ ਵਿਚ ਹੀ ਅਰੰਭ ਦਿਤੇ ਗਏ ਸਨ। ਇਸ ਗੱਲ ਨੂੰ ਮੁਖ ਰਖ ਕੇ ਹੀ ਸਤਿਗੁਰਾਂ ਨੇ ਸੱਚੀ ਬਾਣੀ ਨੂੰ ਕੱਚੀ ਬਾਣੀ ਤੋਂ ਨਿਖੇੜਨ ਦਾ ਉਪਰਾਲਾ ਅਰੰਭਿਆ ਅਤੇ ਸੱਚੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਪਾਦਨ ਕੀਤਾ। ਗਉੜੀ ਕੀ ਵਾਰ ਮਹਲਾ ੪ ਦੇ ਪਾਠ-ਅਧੈਨ ਤੋਂ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਰਾਮ ਦਾਸ ਜੀ ਨੇ 'ਗੁਰੂ' ਤੋਂ ਬੇਮੁਖ ਹੋਏ ਅਤੇ 'ਸਤਿਗੁਰੂ' ਦੀ ਬਰਾਬਰੀ ਦਾ ਦਾਅਵਾ ਬੰਨ੍ਹਣ ਵਾਲੇ ਆਪ-ਹੁਦਰੇ ਪਖੰਡੀਆਂ ਦੇ ਪਰਪੰਚ ਦਾ ਪਾਜ ਉਘੇੜ ਕੇ ਉਹਨਾਂ ਦੀ ਖ਼ੂਬ ਖੁੰਬ ਠੱਪੀ ਹੋਈ ਹੈ।

ਕਈ ਸਜਣ ਰਿਧੀਆਂ ਸਿਧੀਆਂ ਦੀ ਝਲਕ ਦੇਖ ਕੇ ਉਹਨਾਂ ਵਿਚ ਹੀ ਉਲਝ ਜਾਂਦੇ ਹਨ ਤੇ ਉਹਨਾਂ ਨੂੰ ਨਿਜੀ ਪੂਜਾ ਪ੍ਰਤਿਸ਼ਠਾ ਕਰਾਉਣ ਦਾ ਭੁਸ ਜਾਗ ਉਠਦਾ ਹੈ; ਕਈ ਲੋਭ-ਵਸ ਹੋਏ ਗੁਰੂ-ਡੰਮ ਦਾ ਜਾਲ ਤਣ ਲੈਂਦੇ ਹਨ। ਇਹ ਪਰਪੰਚ ਥੋੜੀ ਦੇਰ ਤਕ ਖ਼ੂਬ ਚਲਦਾ ਹੈ, ਪਰ ਅੰਤ ਨੂੰ ਅਸਲੀਅਤ ਸੌ ਪਰਦੇ ਪਾੜ ਕੇ ਉਘੜ ਆਉਂਦੀ ਹੈ। ਗੁਰਬਾਣੀ ਦਾ ਫੁਰਮਾਨ ਹੈ :–

ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥੨॥੩੦॥

(ਮ: ੪, ਵਾਰ ਗਉੜੀ, ਪੰਨਾ ੩੧੬)

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ੨੨ ਪਖੰਡੀ ਭਾਦੋਂ ਦੀਆਂ ਖੁੰਬਾਂ ਵਾਂਗੂ ਉਠ ਖਲੋਤੇ, ਪਰ ਜਦੋਂ ਗੁਰੂ-ਜੋਤੀ ਦਾ ਸੂਰਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਰੂਪ ਵਿਚ ਉਦੈ ਹੋਇਆ ਸਾਰੇ ਡਿੰਭੀ ਸਫਾ ਵਲ੍ਹੇਟ ਗਏ। ਏਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਕਈ ਪਰਪੰਚੀ ਵਿਅਕਤੀਆਂ ਨੇ ਗੁਰਤਾ ਦਾ ਦਾਅਵਾ ਬੰਨ੍ਹਿਆ, ਪਰ ਸਿਖ ਸੰਗਤਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿਦਕ ਭਰੋਸੇ ਦੇ ਮੂਹਰੇ ਕਿਸੇ ਦੀ ਦਾਲ ਨਾ ਗਲੀ, ਸਭ ਖੈ ਹੋ ਗਏ।

ਇਹ ਨੋਟ ਕੀਤੇ ਜਾਣ ਵਾਲੀ ਗੱਲ ਹੈ ਕਿ ਸਿਖ ਧਰਮ ਦੇ ਵਿਰੋਧ ਵਿਚ ਪਖੰਡ ਅਥਵਾ ਗੁਰੂ-ਡੰਮ ਜਦੋਂ ਜਦੋਂ ਕਿਸੇ ਵੀ ਰੂਪ ਵਿਚ ਉਭਰਦਾ ਰਿਹਾ, ਸਮੇਂ ਦੀ ਹਕੂਮਤ, ਭਾਵੇਂ ਉਹ ਮੁਗ਼ਲ ਸਨ ਜਾ ਅੰਗਰੇਜ਼ ਇਸ ਦੀ ਪਿਠ ਥਾਪੜਦੇ ਰਹੇ। ਭਾਰਤ ਦੀ ਸੁਤੰਤਰਤਾ ਮਗਰੋਂ ਸਿਖ ਵਿਰੋਧੀ ਗੁਰੂ-ਡੰਮੀ ਲਹਿਰਾਂ ਜਿਵੇਂ ਉਭਰੀਆਂ ਤੇ ਫਲੀਭੂਤ ਹੋਈਆਂ, ਇਹ ਇਕ ਹੈਰਾਨੀ-ਜਨਕ ਗੱਲ ਹੈ। ਰਾਧਾ ਸੁਆਮੀ ਅਤੇ ਨਕਲੀ ਨਿਰੰਕਾਰੀ ਮਤ ਥੋੜੇ ਹੀ ਸਮੇਂ ਵਿਚ ਹੀ ਕੇਵਲ ਭਾਰਤ ਵਿਚ ਹੀ ਨਹੀਂ, ਪਰਦੇਸਾਂ ਵਿਚ ਵੀ ਫੈਲ ਗਏ ਹਨ। ਭਾਰਤ ਸਰਕਾਰ ਦੀ ਬਿੱਲੀ ਓਦੋਂ ਥੈਲਿਓਂ ਬਾਹਰ ਆ ਗਈ ਜਦੋਂ ਇਹ ਤੱਥ ਸਾਹਮਣੇ ਆਇਆ ਕਿ ਭਾਰਤ ਸਰਕਾਰ ਨੇ ਵਿਦੇਸ਼ਾਂ ਵਿਚ ਕੰਮ ਕਰਦੇ ਆਪਣੇ ਸਫੀਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਨਕਲੀ ਨਿਰੰਕਾਰੀ ਮੁਖੀ ਨੂੰ ਉਸਦੀ ਵਿਦੇਸ਼ ਯਾਤਰਾ ਸਮੇਂ V.I.P. ਪੱਧਰ ਤੇ ਮਾਨਤਾ ਤੇ ਸਹੂਲਤਾਂ ਦਿਤੀਆਂ ਜਾਣ। ਸਪੱਸ਼ਟ ਹੈ ਕਿ ਸਿਖ ਧਰਮ ਨੂੰ ਕਮਜ਼ੋਰ ਕਰਨ ਲਈ ਇਕ-ਗਿਣੀ ਮਿਥੀ ਸਾਜ਼ਸ਼ ਕੰਮ ਕਰ ਰਹੀ ਹੈ।

ਹੁਣੇ ਹੀ ਇਕ ਹੋਰ ਦੋਦੜ-ਪੰਥੀ ਗੁਰੂ-ਡੰਮੀ ਟੋਲੇ ਦੀ ਅਸਲੀਅਤ ਤੋਂ ਬੁਰਕਾ ਲਥਾ ਹੈ। ਇਸ ਪਖੰਡ-ਟੋਲੇ ਦਾ ਹੈਡ-ਕੁਆਰਟਰ ਪਿੰਡ ਦੋਦੜਾ ਜ਼ਿਲਾ ਬਠਿੰਡਾ ਹੈ। ਇਹ ਟੋਲਾ ਆਪਣੇ ਕੇਂਦਰੀ ਸਥਾਨ ਨੂੰ "ਬ੍ਰਹਮ ਬੁੰਗਾ ਦੋਦੜਾ ਸਾਹਿਬ" ਅਤੇ ਆਪਣੀ ਜਥੇਬੰਦੀ ਨੂੰ "ਦੋਦੜਾ ਸਾਹਿਬ ਦੀ ਸੰਗਤਿ" ਆਖਦਾ ਹੈ। ਇਸ ਜਥੇਬੰਦੀ



www.AKJ.Org

ਦਾ ਮੁਖੀ ਬਾਬੂ ਜਸਵੰਤ ਸਿੰਘ ਇਕ ਰਿਟਾਇਰਡ ਫੌਜੀ ਹੈ, ਜਿਸ ਨੇ ਆਪਣਾ ਤਖ਼ੱਲਸ 'ਖੋਜੀ' ਰਖਿਆ ਹੋਇਆ ਹੈ। ਕੁਝ ਹੀ ਸਾਲ ਪਹਿਲਾਂ ਕੁਝ ਸਜਣਾਂ ਮਿੱਤਰਾਂ ਦੇ ਸਹਿਯੋਗ ਨਾਲ ਬਾਬੂ ਜੀ ਨੇ ਲੁਧਿਆਣੇ ਅਤੇ ਬਠਿੰਡੇ ਜ਼ਿਲੇ ਵਿਚ ਕਥਾ ਕੀਰਤਨ ਦੇ ਸਮਾਗਮ ਕਰਨੇ ਅਰੰਭੇ। ਅਰੰਭ ਵਿਚ ਨਿਸ਼ਾਨਾ ਗੁਰਮਤਿ ਪਰਚਾਰ ਦਾ ਹੀ ਸੀ। ਪਰ ਦੇਖਣ ਵਿਚ ਆਇਆ ਹੈ, ਜਿਉਂ ਜਿਉਂ ਕਿਸੇ ਦੀ ਪ੍ਰਸ਼ੰਸਾ ਅਤੇ ਪ੍ਰਸਿਧੀ ਵਿਚ ਵਾਧਾ ਹੋ ਜਾਏ, ਉਸ ਉਤੇ ਹਉਮੈ-ਅਹੰਕਾਰ ਦਾ ਭੂਤ ਸਵਾਰ ਹੋ ਜਾਂਦਾ ਹੈ। ਸੋ ਬਾਬੂ ਜੀ ਨੂੰ ਵੀ ਆਪਣੀ ਪੂਜਾ ਪ੍ਰਤਿਸ਼ਠਾ ਕਰਾਉਣ ਦਾ ਝਸ ਪ੍ਰਚੰਡ ਹੋ ਗਿਆ, ਜਿਸ ਦੇ ਫਲ-ਸਰੂਪ ਉਹਨਾਂ ਦੇ ਮੁਢਲੇ ਸਹਿਯੋਗੀ ਉਹਨਾਂ ਨੂੰ ਨਾਹ ਕੇਵਲ ਛਡ ਗਏ, ਸਗੋਂ ਉਹਨਾਂ ਦੀਆਂ ਕਰੀਤੀਆਂ ਵਿਰੁਧ ਅਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿਤੀ। ਇਸ ਸੰਬੰਧ ਵਿਚ ਗਿਆਨੀ ਨਾਹਰ ਸਿੰਘ ਜੀ ਮੁਲਾਂਪੁਰ ਵਲੋਂ ਪ੍ਰਕਾਸ਼ਤ ਕੀਤੇ ਬਾਬੂ ਜੀ ਦੇ ਨਾਮ ਕੁਝ ਪੱਤਰ ਸਾਡੇ ਸਾਹਮਣੇ ਹਨ, ਜਿਨ੍ਹਾਂ ਦੁਆਰਾ ਉਹਨਾਂ ਹਾਲ ਪਾਹਰਿਆ ਕੀਤੀ ਹੈ :–

ਮੈ ਜਾਣਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥ (੧੩੮੪)

ਕਿਸੇ ਗੁਪਤ ਸਾਜ਼ਸ਼ ਅਧੀਨ ਇਸ ਟੋਲੇ ਨੇ ਦੇਸਾਂ ਵਿਦੇਸਾਂ ਵਿਚ ਆਪਣੇ ਪਖੰਡ-ਕੇਂਦਰ ਸਥਾਪਤ ਕੀਤੇ ਹੋਏ ਹਨ। ਵਿਦੇਸਾਂ ਵਿਚ ਵਸਦੇ ਗੁਰਮਤਿ-ਹਿਤੈਸ਼ੀ ਸਜਣ ਇਹਨਾਂ ਦੀ ਪਖੰਡ-ਲੀਲ੍ਹਾ ਤੋਂ ਦੁਖੀ ਹਨ ਅਤੇ ਉਹਨਾਂ ਨੇ ਇਸ ਸੰਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਚਿਠੀ ਪੱਤਰ ਵੀ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਇਹਨਾਂ ਬਾਰੇ ਕਾਫ਼ੀ ਸਮਾਂ ਪਹਿਲਾਂ ਜੋ ਪੱਤਰ ਲਿਖਿਆ ਉਹ ਇਸ ਪ੍ਰਕਾਰ ਹੈ :–

**ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ**

ਨੰ: 2518 ਮਿਤੀ 23-2-89

ਗੁਰੂ ਸਵਾਰੇ ਪਿਆਰੇ ਸ: ਅਜੀਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

ਆਪ ਜੀ ਵਲੋਂ ਭੇਜੀ ਪੱਤ੍ਰਿਕਾ ਪੁਜੀ। ਆਪ ਜੀ ਨੇ ਪੰਥ ਨੂੰ ਬੜੇ ਵੱਡੇ ਖ਼ਤਰੇ ਤੋਂ ਸੂਚਿਤ ਕੀਤਾ ਹੈ। ਇਹ ਪੰਥ-ਦੋਖੀਆਂ ਦੀ ਸਾਜ਼ਸ਼ ਦੀ ਇਕ ਕੜੀ ਹੈ। ਪੰਜਾਬ ਅਤੇ ਪਰਦੇਸ਼ ਵਿਚ ਵੀ ਪੰਥ-ਦੋਖੀਆਂ ਦੀ ਗਿਣੀ ਮਿਥੀ ਸਾਜ਼ਸ਼ ਨਾਲ ਸਿਖ ਧਰਮ ਵਿਚ ਵਖ ਵਖ ਰੂਪ ਖੜੇ ਕਰ ਕੇ ਪੰਥਕ ਸ਼ਕਤੀ ਨੂੰ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ। ਜਿਥੇ ਵੀ ਸਾਂਝੀ ਪੰਥਕ ਸੋਚ ਅਤੇ ਸਾਂਝੀ ਗੁਰਮਤਿ ਰਹਿਤ ਮਰਯਾਦਾ ਦੇ ਧਾਰਨੀ ਸਿਖ ਬੈਠੇ ਹੋਣ, ਉਹ ਦੁਸ਼ਮਨ ਦੀ ਇਸ ਡੂੰਘੀ ਚਾਲ ਤੋਂ ਸੁਚੇਤ ਰਹਿਣ ਅਤੇ ਦੂਸਰਿਆਂ ਨੂੰ ਸੁਚੇਤ ਕਰਨ। ਕਿਸੇ ਦੋਧੜਾ ਵਾਲੇ ਜਾਂ ਕਿਸੇ ਹੋਰ ਸਾਧੂ ਸੰਤ ਦੀ ਵਖਰੀ ਮਰਯਾਦਾ ਨੂੰ ਕਿਸੇ ਗੁਰਦਵਾਰਾ ਅਸਥਾਨ ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਹਰ ਸਿਖ ਸ੍ਰੀ ਅਕਾਲ ਤਖਤ ਸਾਹਿਬ ਨਾਲ ਅਤੇ ਸਾਂਝੀ ਪੰਥਕ ਮਰਯਾਦਾ ਨਾਲ ਜੁੜਿਆ ਰਹਿਣਾ ਜ਼ਰੂਰੀ ਹੈ। ਵੱਖ ਵੱਖ ਗੁਰੂ-ਡੰਮ ਪੰਥ ਦੀ ਸਾਂਝੀ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ।

ਗੁਰੂ ਪੰਥ ਦਾ ਦਾਸ

(ਪ੍ਰੋ. ਦਰਸ਼ਨ ਸਿੰਘ ਖ਼ਾਲਸਾ) ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ

ਏਸੇ ਹੀ ਸੰਬੰਧ ਵਿਚ ਸ੍ਰੀ ਗੁਰੂ ਸਿੰਘ ਸਭਾ ਬੰਬਈ (ਦਾਦਰ) ਵਲੋਂ ਮਿਤੀ 14-4-90 ਨੂੰ ਸਮੂਹ ਸਿਖ ਸੰਸਥਾਵਾਂ, ਜਥੇਬੰਦੀਆਂ ਸੁਸਾਇਟੀਆਂ ਤੇ ਪ੍ਰਤਿਸ਼ਠਤ ਸਜਣਾਂ ਦੀ ਮੀਟਿੰਗ ਮਗਰੋਂ ਸਰਬ-ਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ :–

"ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਦੋਦੜੇ (ਬਠਿੰਡੇ) ਡੇਰੇ ਦੇ ਸੰਚਾਲਕ ਬਾਊ ਜਸਵੰਤ ਸਿੰਘ ਜਾਂ ਓਥੋਂ ਦੇ ਡੇਰੇ ਦੇ ਜ਼ਿੰਮੇਵਾਰ ਪ੍ਰਬੰਧਕ ਜਦ ਤਕ ਜਥੇਦਾਰ ਸਿੰਘ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇਹ ਪੱਤਰ ਲੈ ਕੇ ਨਾ ਆਵਣ ਕਿ ਇਹ ਜਥਾ ਗੁਰਮਤਿ ਅਨੁਸਾਰ ਗੁਰਸਿਖੀ ਦਾ ਪਰਚਾਰ ਕਰ ਰਿਹਾ ਹੈ, ਕਿਸੇ ਕਿਸਮ ਦਾ ਸਹਿਯੋਗ ਨਾ ਦਿਤਾ ਜਾਵੇ।"



www.AKJ.Org

ਇਸ ਸੰਬੰਧੀ ਕੋਈ ਲਿਖਤ ਤਾਂ ਸਾਹਮਣੇ ਨਹੀਂ ਆਈ, ਪਰ ਸੁਣਨ ਵਿਚ ਆਇਆ ਹੈ ਕਿ ਕੁਝ ਸਿਫ਼ਾਰਸ਼ਾਂ ਪੁਆ ਕੇ ਇਹ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਪਣੇ ਡੇਰੇ ਬਾਰੇ ਕੁਝ ਸਫ਼ਾਈ ਲੈਣ ਵਿਚ ਕਾਮਯਾਬ ਹੋ ਗਏ ਹਨ। ਪਤਾ ਨਹੀਂ ਜਥੇਦਾਰ ਸਾਹਿਬ ਨੇ ਮਾਮਲੇ ਦੀ ਤਹਿ ਤਕ ਪੁਜਣ ਤੋਂ ਬਗ਼ੈਰ ਕਿਵੇਂ 'ਸਭ ਅਛਾ' ਆਖ ਦਿਤਾ ਹੈ।

ਇਸ ਦੋਦੜ-ਪੰਥੀ ਟੋਲੇ ਨੇ ਇਕ ਅਨਮਤੀ ਲਿਖਾਰੀ ਯੋਗੀ ਸਵਾਮੀ ਯੋਗੇਸ਼ਵਰ ਅਨੰਦ ਸਰਸਵਤੀ ਤੋਂ ਪਤਾ ਨਹੀਂ ਕੀ ਦੇ ਲੈ ਕੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਕੁਝ ਟ੍ਰੈਕਟ ਲਿਖਵਾ ਕੇ ਛਾਪੇ ਹਨ। ਇਹਨਾਂ ਟ੍ਰੈਕਟਾਂ ਵਿਚ ਉਸ ਅਨਮਤੀ ਸਵਾਮੀ ਨੇ ਬਾਬੂ ਜੀ ਅਤੇ ਇਸ ਪਖੰਡ-ਟੋਲੇ ਦੀਆਂ ਸਿਫ਼ਤਾਂ ਦੇ ਸੋਹਿਲੇ ਗਾਏ ਹਨ। ਮਿਰਾਸਪੁਣੇ ਦੇ ਲੋਰ ਵਿਚ ਸਵਾਮੀ ਜੀ ਨੇ ਬਾਬੂ ਜੀ ਨੂੰ ਅਵਤਾਰੀ ਪੁਰਸ਼ ਸਿਧ ਕਰਨ ਦਾ ਜਤਨ ਕੀਤਾ ਹੈ :—

> "ਇਕ ਨੌਜਵਾਨ ਬੀਬੀ, ਜੋ ਇਕ ਫ਼ੌਜੀ ਅਫ਼ਸਰ ਦੀ ਵਿਧਵਾ ਸੀ, ਹੌਲੀ ਜਿਹੇ ਕਮਰੇ ਵਿਚ ਆਈ, ਜਿਥੇ ਸਮਾਗਮ ਦਾ ਆਗੂ ਤੇ ਅਸੀਂ ਦਸ ਬਾਰ੍ਹਾਂ ਜਣੇ ਬੈਠੇ ਸੀ। ਉਹ ਆ ਕੇ ਚੁਪ ਚਾਪ ਉਸ ਦੇ ਮੰਜੇ ਦੀ ਪੈਂਦ ਤੇ ਬੈਠ ਗਈ।...ਅਚਾਨਕ ਉਸ ਨੇ ਆਪਣਾ ਝੁਕਿਆ ਹੋਇਆ ਸਿਰ ਉਪਰ ਚੁਕਿਆ ਅਤੇ ਉਸ (ਬਾਬੂ ਜੀ) ਦੇ ਚਿਹਰੇ ਵਲ ਵੇਖਣ ਲਗੀ, ਅਤੇ ਫਿਰ ਆਪਣੇ ਆਪ ਹੀ ਉਸ ਦੀਆਂ ਅੱਖਾਂ ਵਿਚ ਸਿਧੀ ਟਿਕ-ਟਿਕੀ ਲਗਾ ਕੇ ਝਾਕਣ ਲਗ ਪਈ। ਜਦੋਂ ਮੈਂ ਦੇਖਿਆ ਤਾਂ ਮੇਰਾ ਹੈਰਾਨੀ ਨਾਲ ਮੂੰਹ ਅਡਿਆ ਰਹਿ ਗਿਆ ਤੇ ਅੱਖਾਂ ਵੀ ਅੱਡੀਆਂ ਗਈਆਂ। ਬੜੀ ਤੇਜ਼ੀ ਨਾਲ ਅੱਖਾਂ ਨੂੰ ਚੁੰਧਿਆ ਦੇਣ ਵਾਲੀ 'ਆਤਮਕ ਰੌਸ਼ਨੀ' ਦੇ ਪ੍ਰਕਾਸ਼ ਦਾ ਅਨੁਭਵ ਹੋਇਆ ਤੇ ਸਰਚ-ਲਾਈਟ ਵਾਂਗ ਉਸ ਭੋਲੀ-ਭਾਲੀ ਬੀਬੀ ਵਿਚ ਆਤਮਿਕ ਜਲਵੇ ਦਾ ਪਰਵੇਸ਼ ਹੋਇਆ। ਇਹ ਇਕ ਇਲਾਹੀ ਪ੍ਰਕਾਸ਼ ਸੀ ਤੇ ਉਹ ਜਿਥੇ ਦੀ ਲੰਘੀ, ਚਾਨਣ ਹੀ ਚਾਨਣ ਕਰਦੀ ਗਈ।" (ਆਤਮਿਕ ਝਲਕਾਂ ਦੂਜੀ ਛਾਪ, ਪੰਨਾ ੬)

ਏਸ ਤਰ੍ਹਾਂ ਅੱਖਾਂ ਦੀ ਟਿਕ-ਟਿਕੀ ਦੁਆਰਾ ਭੋਲੀਆਂ ਭਾਲੀਆਂ ਬੀਬੀਆਂ ਨੂੰ ਨੂਰ ਦੇ ਟੀਕੇ ਕਰਨ ਵਾਂਗ ਕਈ ਬੇਥਵ੍ਹੀਆਂ ਮਾਰੀਆਂ ਹੋਈਆਂ ਹਨ। ਗੱਲ ਏਥੇ ਹੀ ਨਹੀਂ ਰਹਿਣ ਦਿਤੀ, ਗੁਰਮਤਿ ਸਿਧਾਂਤ ਅਤੇ ਸਿਖ ਇਤਿਹਾਸਕ ਪਰੰਪਰਾ ਤੋਂ ਅਨਜਾਣ ਉਹ ਸੁਆਮੀ ਬਾਬੂ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਸਿਧ ਕਰਨ ਦੀ ਹਮਾਕਤ ਤਕ ਜਾ ਪੁਜਾ ਹੈ :—

> "One of those Shaktis, I've seen in the AKASHIK RECORD, she was a Lanka Princess about 500 years back and married in a distant eastern island She was on visit to her parents in Lanka and incidentally present when NANAK sojourned in the island. A former DEVRAJ INDRA, was the ruler of the Lanka those days. As they all sat at NANAK's feet, the princess prayed to NANAK to accompany her to the island of her in laws. But NANAK promised to visit 'some time later'. She prayed for an opportunity to serve him as an attendant. For this also she was promised a chance 'some time later'.
>
> Now, in her present birth I saw that, both the promises are being fulfilled."
>
> 'Sachkhand on earth revisited'—Yogeshevar Anand Sarswati.

## ਉਪ੍ਰੋਕਤ ਦਾ ਪੰਜਾਬੀ ਅਨੁਵਾਦ—

ਇਹਨਾਂ ਵਿਚੋਂ ਇਕ ਸ਼ਕਤੀ ਨੂੰ ਮੈਂ 'ਅਕਾਸ਼ੀ ਰਿਕਾਰਡ' ਵਿਚ ਦੇਖਿਆ ਹੈ। ਉਹ ਪੰਜ ਸੌ ਸਾਲ ਪਹਿਲਾਂ ਲੰਕਾ ਦੀ ਰਾਜ ਕੁਮਾਰੀ ਸੀ, ਜਿਸ ਦਾ ਵਿਆਹ ਇਕ ਪੂਰਬੀ ਟਾਪੂ ਵਿਚ ਹੋਇਆ ਸੀ। ਜਦੋਂ 'ਨਾਨਕ'



www.AKJ.Org

ਨੇ ਉਸ ਟਾਪੂ ਵਿਚ ਫੇਰੀ ਪਾਈ ਤਾਂ ਉਹ ਆਪਣੇ ਪੇਕੇ ਘਰ ਆਈ ਹੋਈ ਉਥੇ ਹਾਜ਼ਰ ਸੀ। ਪਿਛਲੇ ਸਮੇਂ ਦਾ ਇਕ 'ਦੇਵ ਰਾਜ ਇੰਦਰਾ' ਉਸ ਸਮੇਂ ਲੰਕਾ ਦੀ ਹਾਕਮ ਸੀ। ਜਦੋਂ ਉਹ ਸਾਰੇ 'ਨਾਨਕ' ਦੇ ਚਰਨਾਂ ਵਿਚ ਬੈਠੇ ਸਨ ਤਾਂ ਇਸ ਰਾਜ ਕੁਮਾਰੀ ਨੇ 'ਨਾਨਕ' ਨੂੰ ਉਸ ਦੇ ਸਹੁਰੇ ਘਰ ਚਰਨ ਪਾਉਣ ਲਈ ਜੋਦੜੀ ਕੀਤੀ। ਪਰੰਤੂ 'ਨਾਨਕ' ਨੇ 'ਫਿਰ ਕਿਸੇ ਸਮੇਂ' ਚਰਨ ਪਾਉਣ ਦਾ ਵਚਨ ਦਿਤਾ। ਉਸ ਰਾਜ ਕੁਮਾਰੀ ਨੇ ਫਿਰ ਜੋਦੜੀ ਕੀਤੀ ਕਿ ਉਸ ਨੂੰ ਸੇਵਾਦਾਰਨੀ ਬਣਾ ਕੇ ਸੇਵਾ ਕਰਨ ਦਾ ਸੁਭਾਗ ਬਖਸ਼ਿਆ ਜਾਵੇ। ਇਸ ਸੰਬੰਧੀ ਵੀ ਉਸ ਨੂੰ ਵਚਨ ਦਿਤਾ ਗਿਆ ਕਿ ਉਸ ਦੀ ਕਾਮਨਾ 'ਫਿਰ ਕਦੀ ਕਿਸੇ ਸਮੇਂ' ਪੂਰੀ ਕੀਤੀ ਜਾਵੇਗੀ।

ਹੁਣ ਮੈਂ (ਸੁਆਮੀ ਨੇ) ਦੇਖਿਆ ਕਿ ਉਸ ਦੇ ਦੁਬਾਰਾ ਜਨਮ ਲੈਣ ਤੇ ਉਸ ਨਾਲ ਕੀਤੇ ਦੋਵੇਂ ਵਚਨ ਪੂਰੇ ਹੋ ਗਏ ਹਨ (ਭਾਵ ਕਿ ਹੁਣ ਗੁਰੂ ਨਾਨਕ ਜੀ ਬਾਬੂ ਜੀ ਦੇ ਰੂਪ ਵਿਚ ਉਸ ਰਾਜ ਕੁਮਾਰੀ ਨੂੰ ਸੇਵਾਦਾਰਨੀ ਬਣਾ ਕੇ ਪੰਜ ਸੌ ਸਾਲ ਪਹਿਲਾਂ ਕੀਤੇ ਵਚਨਾਂ ਦੀ ਪਾਲਨਾ ਕਰ ਰਹੇ ਹਨ)।

(ਟ੍ਰੈਕਟ 'ਧਰਤੀ ਤੇ ਸੱਚਖੰਡ ਦੀ ਪੁਨਰ ਸਥਾਪਤੀ' ਅੰਗਰੇਜ਼ੀ)

ਇਹ ਅੰਗਰੇਜ਼ੀ ਦੇ ਟ੍ਰੈਕਟ ਵਧੇਰੇ ਕਰਕੇ ਬਾਹਰਲੇ ਦੇਸ਼ਾਂ ਵਿਚ ਹੀ ਵੰਡੇ ਗਏ। ਜਦੋਂ ਵਿਦੇਸ਼ਾਂ ਵਿਚ ਵਸਦੇ ਕੁਝ ਗੁਰਮਤਿ ਹਿਤੈਸ਼ੀਆਂ ਨੇ ਇਸ ਗੁਰੂ-ਡੰਮ ਵਿਰੁੱਧ ਅਵਾਜ਼ ਉਠਾਈ ਤਾਂ ਇਹਨਾਂ ਨੇ ਇਹ ਟ੍ਰੈਕਟ ਖ਼ੁਰਦ ਬੁਰਦ ਕਰ ਦਿਤਾ ਹੈ। ਇਹ ਖ਼ਾਸ ਖ਼ਾਸ ਬੰਦਿਆਂ ਨੂੰ ਹੀ ਦਿਤਾ ਜਾਂਦਾ ਹੈ।

ਇਸ ਟੋਲੇ ਦੇ ਅਨੁਆਈ ਇਕ ਦੂਜੇ ਨਾਲ ਪਰਸਪਰ ਮਿਲਣੀ ਸਮੇਂ ਖਾਲਸਈ ਫਤਿਹ ਗਜਾਉਣ ਦੀ ਬਜਾਏ 'ਧੰਨ ਗੁਰੂ ਨਾਨਕ' ਬੋਲਦੇ ਹਨ। 'ਧੰਨ ਗੁਰੂ ਨਾਨਕ' ਦੇ ਕਥਨ ਨਾਲ ਕਿਸੇ ਗੁਰਸਿਖ ਦਾ ਕੋਈ ਸ਼ਰੀਕਾ ਨਹੀਂ, ਪਰ ਇੰਜ, ਪਰਚਲਤ ਸਿਖ ਰਵਾਇਤਾਂ ਵਿਚ ਰੋਲ-ਘਚੋਲਾ ਪਾਏ ਜਾਣ ਦਾ ਤੌਖਲਾ ਹੈ। ਇਤਿਹਾਸ ਵਿਚੋਂ ਵਿਦਤ ਹੁੰਦਾ ਹੈ ਕਿ ਪਹਿਲਾਂ ਬੰਦਈਆਂ ਨੇ ਖਾਲਸਈ ਫਤਿਹ ਦੀ ਥਾਵੇਂ 'ਫਤਿਹ ਦਰਸ਼ਨ' ਦਾ ਬੋਲਾ ਪ੍ਰਚਲਤ ਕਰਨ ਦਾ ਜਤਨ ਕੀਤਾ ਸੀ, ਪਰ ਤੱਤ ਖਾਲਸੇ ਨੇ ਬੰਦਈਆਂ ਦੀਆਂ ਹੋਰ ਕੁਰੀਤੀਆਂ ਸਣੇ ਇਸ ਬੋਲੇ ਦਾ ਵੀ ਡਟ ਕੇ ਵਿਰੋਧ ਕੀਤਾ ਤਾਂ ਜਾ ਕੇ ਇਸ ਨੂੰ ਠਲ੍ਹ ਪਈ। ਹੁਣ ਦੋਦੜ-ਪੰਥੀਆਂ ਵਲੋਂ ਨਵਾਂ ਬੋਲਾ ਪ੍ਰਚਲਤ ਕਰਨ ਦੀ ਵੀ ਥਾਉਂ ਥਾਈਂ ਵਿਰੋਧਤਾ ਹੋਈ ਹੈ, ਜਿਸ ਦੇ ਫਲ-ਸਰੂਪ ਹੁਣ ਇਹ ਕੁਝ ਚੇਤੰਨ ਹੋ ਗਏ ਹਨ। ਜੇ ਇਹ ਆਪਸ ਵਿਚ ਮਿਲਣ ਤਾਂ ਫਤਿਹ ਦੀ ਥਾਵੇਂ 'ਧੰਨ ਗੁਰੂ ਨਾਨਕ' ਬੋਲਾ ਹੀ ਬੋਲਦੇ ਹਨ, ਪਰ ਜੇ ਕੋਈ ਬਾਹਰਲਾ ਸਜਣ ਇਹਨਾਂ ਨੂੰ ਫਤਿਹ ਗਜਾਏ ਤਾਂ ਫਤਿਹ ਦਾ ਜਵਾਬ ਫਤਿਹ ਵਿਚ ਹੀ ਦਿੰਦੇ ਹਨ, ਪਰ ਨਾਲ ਹੀ ਮਗਰੋਂ 'ਧੰਨ ਗੁਰੂ ਨਾਨਕ' ਵੀ ਬੋਲਦੇ ਹਨ।

**ਇਸ ਦੋਦੜ-ਪੰਥੀ ਜਥੇਬੰਦੀ ਨੇ ੮-੯ ਮਾਰਚ ਨੂੰ ਪ੍ਰੋਗ੍ਰਾਮ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਸੰਤੋਖਸਰ ਸਾਹਿਬ ਦੇ ਇਤਿਹਾਸਕ ਅਸਥਾਨ ਤੇ ਰਖਿਆ ਸੀ ਅਤੇ ਇਸ ਸੰਬੰਧੀ ਇਸ਼ਤਿਹਾਰ ਛਪਵਾ ਦਿਤੇ ਸਨ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਨੋਟਿਸ ਵਿਚ ਜਦੋਂ ਇਹਨਾਂ ਦੀਆਂ ਗੁਰਮਤਿ-ਵਿਰੋਧੀ ਲਿਖਤਾਂ ਲਿਆਂਦੀਆਂ ਗਈਆਂ ਤਾਂ ਸ਼੍ਰੋ: ਗੁ: ਪ੍ਰ: ਕਮੇਟੀ ਨੇ ਇਹਨਾਂ ਦਾ ਪ੍ਰੋਗ੍ਰਾਮ ਇਤਿਹਾਸਕ ਅਸਥਾਨ ਤੇ ਕੀਤੇ ਜਾਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ ਜਿਸ ਦੇ ਫਲ-ਸਰੂਪ ਇਹਨਾਂ ਨੂੰ ਪ੍ਰੋਗ੍ਰਾਮ ਸ਼ਹੀਦ ਊਧਮ ਸਿੰਘ ਨਗਰ ਦੇ ਕਿਸੇ ਡੇਰੇ ਵਿਚ ਕਰਨਾ ਪਿਆ।**

ਨਿਰਸੰਦੇਹ, ਇਹਨਾਂ ਵਲੋਂ ਸਟੇਜ ਤੇ ਕੇਵਲ ਨਾਮ ਸਿਮਰਨ, ਨਿਤਨੇਮ ਅਤੇ ਗੁਰਬਾਣੀ ਕੀਰਤਨ ਹੀ ਕੀਤਾ ਜਾਂਦਾ ਹੈ। ਕੀਰਤਨ ਦੀ ਸੇਵਾ ਲਈ ਅਖੰਡ ਕੀਰਤਨੀ ਜਥੇ ਦੇ ਕੁਝ ਸਿੰਘਾਂ ਅਤੇ ਦਸਤਾਰ-ਧਾਰੀ ਬੀਬੀਆਂ ਨੂੰ ਅਸਾਧਾਰਨ ਚਾਪਲੂਸੀ ਅਤੇ ਹੋਰ ਕਿਸੇ ਲਾਲਚ ਆਦਿ ਦੁਆਰਾ ਆਪਣੇ ਵਲ ਖਿਚਿਆ ਹੋਇਆ ਹੈ। ਉਹਨਾਂ ਦੀ ਸ਼ਮੂਲੀਅਤ ਨਾਲ ਲੋਕਾਂ ਨੂੰ ਅਖੰਡ ਕੀਰਤਨੀ ਜਥੇ ਦੇ ਸਮਾਗਮ ਹੋਣ ਦਾ ਭੁਲੇਖਾ ਪੈਂਦਾ ਹੈ, ਪਰ ਉਪ੍ਰੋਕਤ ਵਰਣਿਤ ਤੱਥਾਂ ਦੀ ਰੌਸ਼ਨੀ ਵਿਚ ਪਤਾ ਲਗਦਾ ਹੈ ਕਿ ਪਰਦੇ ਪਿਛੇ ਅਸਲੀ ਨਿਸ਼ਾਨਾ ਇਕ ਨਵਾਂ ਮਤ ਪ੍ਰਚਲਤ ਕਰਨ ਦਾ ਹੈ।



www.AKJ.Org

ਸੋ ਹੁਣ ਲੋੜ ਭਾਸੀ ਹੈ ਕਿ ਇਸ ਸਾਰੀ ਸਥਿਤੀ ਤੋਂ ਅਖੰਡ ਕੀਰਤਨੀ ਜਥੇ ਦੇ ਸਮੂਹ ਪ੍ਰੇਮੀਆਂ ਨੂੰ ਸੂਚਤ ਕਰ ਕੇ ਪ੍ਰੇਰਨਾ ਦਿਤੀ ਜਾਵੇਗੀ ਕਿ ਗੁਰੂ-ਡੰਮੀ ਟੋਲੇ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਪੂਰਨ ਸੰਕੋਚ ਕੀਤਾ ਜਾਵੇ।

ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਜੀ ਦਾ ਇਹ ਹੁਕਮ ਹੈ ਕਿ ਜਿਹੜਾ ਕੋਈ ਵਿਅਕਤੀ ਉਪ੍ਰੋਕਤ ਸੂਚਨਾ ਅਤੇ ਪ੍ਰੇਰਨਾ ਨੂੰ ਅਣਗੌਲਿਆ ਕਰ ਕੇ ਫਿਰ ਵੀ ਉਪ੍ਰੋਕਤ ਟੋਲੇ ਦੇ ਸਮਾਗਮਾਂ ਵਿਚ **ਸ਼ਾਮਲ ਹੋ ਕੇ ਗੁਰੂ ਡੰਮੀ ਲਹਿਰ ਦਾ ਸਹਿਯੋਗੀ ਬਣਦਾ ਹੈ, ਉਸ ਨੂੰ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਕਿਸੇ ਕਿਸਮ ਦੀ ਕੋਈ ਸੇਵਾ ਨਾ ਦਿਤੀ ਜਾਵੇ।**

---

# ਸਾਬਤ ਸੂਰਤਿ

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥

[ਮਾਰੂ ਮਹਲਾ ੫, ਪੰਨਾ ੧੦੮੪)

ਸਾਬਤ ਸੂਰਤਿ ਰਖਣੀ (ਸਿਰ ਤੋਂ ਪੈਰਾਂ ਤਾਈਂ ਕਿਸੇ ਰੋਮ ਜਾਂ ਅੰਗ ਦਾ ਭੰਗ ਨ ਕਰਨਾ) ਸੀਸ ਤੇ ਦਸਤਾਰ ਰਖਣਾ ਕੇਸਾਂ ਨੂੰ ਕਜਣ ਲਈ (ਹਰੇਕ ਕੇਸਾਂ ਵਾਲੇ ਸੀਸ ਤੇ ਭਾਵੇਂ ਮਰਦ ਦਾ ਹੋਵੇ ਭਾਵੇਂ ਅਉਰਤ ਦਾ ਸੀਸ ਹੋਵੇ) ਇਹ ਸੱਚੀ ਹਾਜ਼ਰ ਹਜ਼ੂਰੀ ਹਦੀਸ* ਹੈ (ਸੱਚੇ ਗੁਰਮਤਿ ਹਰਿ-ਨਾਮੀਆਂ ਦੀ), ਇਉਂ ਨਾਪਾਕ ਮਨ ਨੂੰ ਪਾਕੁ ਕਰੋ, ਹੇ ਪ੍ਰਮਾਰਥੀ ਜਗਿਆਸੂ ! ਜੋ ਸਾਬਤ ਸੂਰਤਿ ਨੂੰ ਭੰਨਦੇ ਹਨ, ਰੱਬ ਦੀ ਦਿਤੀ ਸੂਰਤਿ ਸਾਬਤ ਨਹੀਂ ਰਖਦੇ, ਭੰਨਦੇ ਤੋੜਦੇ ਤੁਛ ਮੁਛ ਕਰਦੇ ਹਨ, ਓਹ ਬੇਈਮਾਨ ਹਨ। ਓਹਨਾਂ ਦਾ ਮਨ ਆਰਾਇਸ਼ ਪੈਰਾਇਸ਼ (ਸਜਾਵਟ) ਵਿਚਿ ਲਗਿਆ ਰਹਿਣ ਕਰਕੇ ਨਾਪਾਕ ਹੋ ਜਾਂਦਾ ਹੈ, ਪਾਕ ਨਹੀਂ ਰਹਿੰਦਾ। ਮੂੰਡਾ ਮੂੰਡ ਤੁਛ-ਮੁਛੀ ਕਰਤੂਤ 'ਨਾਪਾਕ' ਮਨ ਦੇ ਲਛਣ ਹਨ ਅਤੇ ਆਰਾਇਸ਼ ਪੈਰਾਇਸ਼ ਜ਼ੇਬਾਇਸ਼ ਹੀ ਸੂਹਦਿਆਂ ਦਾ ਕੰਮ ਹੈ। ਸਾਧਾਰਨ ਗੁਰਮੁਖਿ ਦੀ ਰਹਿਤ ਰਹਿਣੀ ਹੀ ਸਾਧਾਰਨ ਹੈ। ਗੁਰੂ ਘਰ ਦੇ ਗੁਰਮੁਖੀ ਜੀਵਨ ਵਾਲੇ ਨਰ ਨਾਰੀ ਫ਼ਰਦੋ ਬਸ਼ਰ ਆਪਣੇ ਸਿਰ ਦੇ ਕੇਸਾਂ ਨੂੰ ਭੀ ਸ਼ਿੰਗਾਰਦੇ ਨਹੀਂ, ਜੈਸੇ ਕਿ ਹਿੰਦੂ, ਮੁਸਲਮਾਨ ਮਰਦ ਤਾਂ ਪਟੇ ਬਣਾ ਕੇ, ਪਟਿਆਂ ਨੂੰ ਦਿਖਾਉਣ ਲਈ ਉਪਰ ਟੋਪੀ ਰਖਦੇ ਹਨ। ਆਨਮਤੀ (ਕੀ ਮੁਸਲਮਾਨ ਕੀ ਹਿੰਦਵਾਇਣੀ) ਔਰਤਾਂ ਆਪਣੇ ਸਿਰ ਦੇ ਵਾਲਾਂ ਨੂੰ ਗੁੰਦ ਗੰਦ ਕੇ ਮਾਂਗ ਸੰਵਾਰੀ ਮੀਢੀਆਂ ਬਣਾ ਕੇ ਅਤੇ ਗੁੱਤਾਂ ਲਮਕਾ ਕੇ ਜਾਂ ਤਾਂ ਜ਼ਾਹਿਰੀ ਨੁਮਾਇਸ਼ ਲਈ ਸਿਰਾਂ ਨੂੰ ਨੰਗੇ ਰਖਦੀਆਂ ਹਨ ਜਾਂ ਫ਼ੈਸ਼ਨਦਾਰ ਜਾਲੀ ਦੀਆਂ ਚੁੰਨੀਆਂ ਸ਼ੀਗਾਰਦੀਆਂ ਹਨ। ਗੁਰਮੁਖ ਖਾਲਸਈ ਜ਼ਨਾਨੀਆਂ (ਸਿੰਘਣੀਆਂ ਭੁਜੰਗਣਾਂ) ਦਾ ਸੀਸ-ਕਜਣੀ-ਵੇਸ ਭੀ ਸਾਧਾਰਨ ਗੁਰਮੁਖਾਂ ਵਾਲਾ ਹੁੰਦਾ ਹੈ। ਕੇਸਾਂ ਤੇ ਦਸਤਾਰ ਸਜਾ ਕੇ ਰਖਦੀਆਂ ਹਨ। ਇਹ ਪੁਸ਼ਾਕਾ ਗੁਰਵਾਕ ਗੁਰਬਾਣੀ ਅੰਦਰਿ ਭੀ ਖਾਲਸਾ ਜੀ ਦਾ ਸਾਧਾਰਨ ਸਿਧ-ਪਧਰੀ ਗੁਰਮੁਖੀ ਰਹਿਤ ਨੂੰ ਪ੍ਰਤਿਪਾਦਨ ਕਰਦਾ ਹੈ। ਰਹਿਤ ਰਹਿਣੀ ਰਖਣੀ ਹੀ ਸੱਚੀ ਹਦੀਸ ਹੈ, ਜੋ ਕੁਦਰਤਿ ਕਾਨੂੰਨ ਅਨੁਸਾਰ ਕਰਤਾਰ ਕਰਤਾ ਪੁਰਖ ਵਲੋਂ ਵਿੰਦਤਾਈ ਗਈ ਹੈ। ਇਹ ਗੁਰੂ ਦਸਮੇਸ਼ ਦੀ ਦ੍ਰਿੜ੍ਹਾਈ ਹਜ਼ੂਰੀ ਹਦੀਸ (ਰਹਿਤ ਰਹਿਣੀ ਮਈ ਰਹਿਤਨਾਮੇ) ਦੀ ਪ੍ਰੌੜ੍ਹਤਾ ਹੈ। 'ਸੂਰਤਿ' ਇਸਤ੍ਰੀ ਲਿੰਗ ਨਾਂਵ (Noun Feminine gender) ਹੈ, ਜੋ ਤੱਤੇ ਸਿਹਾਰੀ ਨਾਲਿ ਹੀ ਗੁਰਬਾਣੀ ਵਿਚਿ ਆਉਂਦਾ ਹੈ। 'ਦਸਤਾਰ' ਰਾਰੇ ਮੁਕਤੇ ਨਾਲ ਹੀ ਇਸਤ੍ਰੀ ਲਿੰਗ ਨਾਂਵ ਹੈ। 'ਸਿਰਾ' ਦੇ ਰਾਰੇ ਅੱਖਰ ਨੂੰ ਕੰਨਾ ਸੰਬੰਧਕੀ ਪਦ 'ਉਤੇ' ਦੇ ਅਰਥ ਦਾ ਪ੍ਰਤਿਪਾਦਕ ਹੈ। ਸਿਰਾ—ਸੀਸ ਉਤੇ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਵਿਚੋਂ

*ਹਦੀਸ=ਪੈਗ਼ੰਬਰ ਸਾਹਿਬ ਨਾਲ ਸੰਬੰਧ ਰਖਣ ਵਾਲੀ ਬਾਤ, ਉਹ ਪੁਸਤਕ ਜਿਸ ਵਿਚ ਹਜ਼ਰਤ ਮੁਹੰਮਦ ਦੇ ਕਥਨ ਅਥਵਾ ਆਚਰਣ ਸੰਬੰਧੀ ਧਰਮ ਵਯਵਸਥਾ ਹੋਵੇ। —'ਮਹਾਨ ਕੋਸ਼'



www.AKJ.Org

# ਖ਼ਾਲਸੇ ਦਾ ਜਨਮ

[ਸ: ਅਤਰ ਸਿੰਘ ਨੀਰ, 95-ਸ਼ੀਤਲ ਅਪਾਰਟਮੰਟ, 14 ਸੈਕਟਰ, ਰੋਹਣੀ, ਦਿਲੀ-85]

ਬੇਹਿਸ ਧਰਤੀ ਵੇਖ ਕੇ, ਕਲਗੀਧਰ ਮਹਾਨ,
ਕੇਸਗੜ੍ਹ ਦੀ ਜੂਹ ਚਿ, ਬੋਲੇ ਧੂਹ ਕਿਰਪਾਨ :
ਮੈਂ ਦੇਸ਼ ਜਗਾਣਾ ਸਾਥੀਓ, ਲਾ ਅਣਖਾਂ ਦੀ ਜਾਗ,
ਵਿਚ ਲਹੂ ਸਿੰਜਰ ਕੇ ਆਪਣਾ, ਇਹ ਖਿੜਾਣਾ ਬਾਗ।
ਮਾਯੂਸੀ ਤੇ ਜੱਬਰ ਨੂੰ, ਦੇਣਾ ਜੜ੍ਹੋਂ ਉਖਾੜ,
ਉਪਕਾਰਾਂ ਸੰਗ ਰੰਗਿਆ, ਖੁਲ੍ਹਾਂ ਕਰਾਂ ਪੁਲਾੜ।
ਕਲਰਾਂ ਸਾੜੀ ਭੁਇੰ ਵਿਚ, ਮੋੜਾਂਗਾ ਬਹਾਰ,
ਡੁਬਦੇ ਪੱਥਰ ਤਾਰਨੇ, ਵੇਖੇਗਾ ਸੰਸਾਰ।
ਮੈਂ ਲਿਸੇ ਅਤੇ ਕਮਜ਼ੋਰ ਦਾ, ਸਦਾ ਬਣਾਂ ਭਈਵਾਲ,
ਦੁਖੀ ਦੀਨ ਗਰੀਬ ਤੇ, ਬੇਆਸਰੇ ਢਾਲ।
ਕਲੀਆਂ ਦੀ ਮੁਸਕਾਨ ਨੂੰ, ਸਕੇ ਨਾ ਕੋਈ ਮਧੋਲ;
ਚਿੜੀ ਨਿਮਾਣੀ ਕਰੇਗੀ, ਨਾਲ ਬਾਜ਼ ਦੇ ਘੋਲ।
ਲੀਰਾਂ ਵਾਂਗੂ ਹੋਣਗੇ, ਬਾਜ਼ਾਂ ਦੇ ਲੰਗਾਰ,
ਕੀੜੀ ਹਾਥੀ, ਸ਼ੇਰ ਦਾ ਚਿੜੀ, ਕਰਨ ਸੰਘਾਰ।
ਮੈਂ ਘਾੜਤ ਨਵੀਂ ਦੇ ਨਾਲ ਹੀ, ਬਦਲ ਦੇਵਣਾ ਰੂਪ,
ਹੋਸੀ ਰੰਗਣ ਵਖਰੀ, ਵਖਰੀ ਸ਼ਕਲ ਅਨੂਪ।
ਚੰਡੀ ਜੀਭਾ ਕਾਲ ਦੀ, ਬੈਠ ਰਹੀ ਨਾ ਥਿਰ,
ਇਹ ਲਹੂ-ਪੀਵਣੀ ਸ਼ੀਹਣੀ ਮੰਗਦੀ ਹੈ ਇਕ ਸਿਰ।
ਪੀ ਕੇ ਕੁੰਗੂ ਰੱਤ ਦਾ, ਇਸ ਲੈਣਾ ਨਵਾਂ ਸਰੂਰ,
ਵੇਖਾਂ ਸਾਹਮਣੇ ਆਉਂਦਾ, ਕਿਹੜਾ ਹੈ ਮਨਸੂਰ।
ਤਬਰੇਜ਼ਾਂ ਦੀ ਲੋੜ ਹੈ, ਸਿਰਲੱਥਾਂ ਦੀ ਭਾਲ,
ਕਿਹੜਾ ਹੈ ਜੋ ਏਸ ਨੂੰ, ਦੇਵੇ ਘੁਟ ਪਿਆਲ।
ਸੁਣਦੇ ਸਾਰ ਐਲਾਨ ਨੂੰ, ਸਾਰੇ ਰਹਿ ਗਏ ਦੰਗ,
ਥੋੜਦਿਲੇ ਤੇ ਥੋਥਿਆਂ ਦੇ, ਪੀਲੇ ਪੈ ਗਏ ਰੰਗ।
ਖਿਸਕਣ ਲਗ ਪਏ ਛੋਪਲੇ ਰਖ ਰਖ ਪੋਲੇ ਪੈਰ,
ਕਈ ਉਠੇ ਕਈ ਨਸ ਗਏ, ਮੰਗ ਜਾਨ ਦੀ ਖ਼ੈਰ।
ਐਨੇ ਵਿਚ ਇਕ ਦੱਯਾ ਰਾਮ, ਉਠਿਆ ਬਾਹਾਂ ਖਲ੍ਹਾਰ :
ਹਾਜ਼ਰ ਸਿਰ ਗ਼ੁਲਾਮ ਦਾ, ਲੈ ਲਉ ਇਹ ਸਰਕਾਰ।

ਇਕ ਸੀਸ ਦੀ ਗੱਲ ਕੀ, ਹਾਜ਼ਰ ਹੈ ਜਿੰਦ ਜਾਨ,
ਪਾ ਲਉ ਮੋਛੇ ਖੁਲ੍ਹ ਕੇ, ਜਿਉਂ ਚਾਹੋ ਸੁਲਤਾਨ।
ਲਾਈ ਉਦੋਂ ਹੀ ਜਿੰਦੜੀ, ਮੈਂ ਤੇਰੇ ਲੇਖੇ ਸ਼ਾਹ,
ਜਦੋਂ ਦਾ ਹੈ ਮੈਂ ਵੇਖਿਆ, ਤੇਰੇ ਦਰ ਦਾ ਰਾਹ।
ਇਹ ਨਿਮਾਣੀ ਭੇਟ ਹੈ, ਲਉ ਜੇ ਝੋਲੀ ਪਾ,
ਮਿਟ ਜਾਏ ਸੰਸਾਰ ਦੀ, ਮੇਰ ਤੇਰ ਦੀ ਭਾਹ।
ਇਹ ਸੁਣ ਕੇ ਸਾਈਂ ਲੈ ਗਏ, ਉਸਨੂੰ ਤੰਬੂ ਵਲ,
ਤ ਲਹੂ ਭਰੀ ਕਿਰਪਾਨ ਨੂੰ, ਵਾਪਸ ਲਿਆਏ ਵਲ।
ਫਿਰ ਗਜਿਆ ਕਲਗੀਆਂ ਵਾਲੜਾ, ਲਾ ਕੇ ਪੂਰਾ ਤ੍ਰਾਣ:
ਤੇਗ਼ ਹੈ ਮੇਰੀ ਮੰਗਦੀ, ਇਕ ਹੋਰ ਬਲੀਦਾਨ।
ਗਏ ਠਠੰਬਰ ਵੇਖ ਕੇ ਲਹੂ ਦੀ ਵਗਦੀ ਧਾਰ,
ਢਿਲੀ ਧੋਤੀ ਵਾਲੜੇ ਖਿਸਕਣ ਲਗ ਪਏ ਬਾਹਰ।
ਫਿਰ ਉਠਿਆ ਧਰਮਾ ਜੋਸ਼ ਵਿਚ, ਨੀਵੀਂ ਪਾ ਕੇ ਧੌਣ:
ਵਸਤ ਤੇਰੀ ਹੈ ਮਾਲਕਾ, ਉਜ਼ਰ ਕਰੇ ਫਿਰ ਕੌਣ।
ਦਰ ਤੇਰੇ ਤੇ ਆ ਗਿਆ, ਪ੍ਰੀਤਮ ਰਖ ਲਉ ਲਾਜ,
ਸਮਝਾਂ ਭਾਗ ਸਵੱਲੜੇ ਬਖ਼ਸ਼ੋ ਜੇ ਇਹ ਤਾਜ।
ਤੇਰੇ ਇਸ ਉਪਕਾਰ ਨੇ, ਜੋਤਿ ਬਾਲਣੀ ਉਹ,
ਦੁਨੀਆ ਵਾਲੇ ਲੈਣਗੇ, ਜਿਸ ਤੋਂ ਸਦਾ ਹੀ ਲੋ।
ਇਉਂ ਹੀ ਨਿਤਰ ਕੇ ਆ ਗਏ, ਸਾਹਵੇਂ ਪੰਜ ਸਰੀਰ,
ਜਿਨ੍ਹਾਂ ਦਿੱਤੀ ਦੇਸ਼ ਨੂੰ, ਇਕ ਨਵੀਂ ਤਸਵੀਰ।
ਅੰਮ੍ਰਿਤ ਘੁਟ ਪਿਆਲ ਕੇ ਚਾੜ੍ਹੀ ਐਸੀ ਪਾਣ,
ਕਿ ਵਿਚ ਸੰਸਾਰ ਦੇ ਬਣ ਗਿਆ, ਇਕ ਨਵਾਂ ਇਨਸਾਨ।
ਖਿੜਿਆ ਫੁਲਾਂ ਵਾਂਗਰਾਂ, ਕੰਡਿਆਂ ਉਤੇ ਸੇਜ,
ਮਸਤਕ ਪਿਆ ਵੰਡਦਾ, ਸੂਰਜ ਵਾਂਗੂ ਤੇਜ।
ਵਾਂਗ ਸੁਮੇਰਾਂ ਉਠਿਆ, ਉਚਿਆਂ ਜੋ ਹਮੇਸ਼,
ਸਾਜਿਆ ਐਸਾ ਖਾਲਸਾ, ਕਲਗੀਧਰ ਦਸਮੇਸ਼।
ਡੋਲਿਆ ਨਾਹੀਂ ਜੋ ਕਿਤੇ, ਆਏ ਲੱਖ ਤੂਫ਼ਾਨ,
ਰਹਿਆ ਖਿੜਿਆ ਵੰਡਦਾ, ਕਲੀਆਂ ਵਾਂਗ ਮੁਸਕਾਨ।

ਅੰਮ੍ਰਿਤ-ਦਾਤੇ ਨੂੰ 'ਨੀਰ' ਹੈ, ਸਦਾ ਸਦਾ ਪਰਨਾਮ।
ਪੰਥ ਖਾਲਸਾ ਜਿਸਦਾ ਜਗਤ ਲਈ ਪੈਗ਼ਾਮ।



www.AKJ.Org

# ਜੇ ਪੰਥ ਖ਼ਾਲਸਾ ਨਾ ਹੁੰਦਾ

[ਗਿ: ਗੋਪਾਲ ਸਿੰਘ 'ਮਿੱਤਰ', ਗੁੜਗਾਉਂ]

ਇਹ ਹਿੰਦ ਦੇਸ਼ ਦਾ ਵਾਤਾਵਰਨ, ਹੁਣ ਜਿਹਾ ਨ ਵਿਚ ਜਹਾਨ ਹੁੰਦਾ।
ਨਾ ਹੁੰਦੀ ਇਹ ਖੁਸ਼ਹਾਲੀ, ਤੇ ਨਾ ਦੇਸ਼ ਇੰਜ ਬਲਵਾਨ ਹੁੰਦਾ।
ਸੁਕ ਜਾਂਦਾ ਆਣ ਅਣਖ ਦਾ ਲਹੂ, ਇਹ ਪੁਤਲਾ ਇਕ ਬੇਜਾਨ ਹੁੰਦਾ।
ਇਸ ਰੰਗ-ਬਰੰਗੇ ਧਰਮਾਂ ਦੀ, ਫੁਲਵਾੜੀ ਦਾ ਨਾ ਨਿਸ਼ਾਨ ਹੁੰਦਾ।
ਨਾ ਬਾਹਵਾਂ ਡੋਲ੍ਹੇ ਫਰਕਦੇ, ਜੇ ਨਾ 'ਕੇਸਗੜ੍ਹ' ਇਮਤਿਹਾਨ ਹੁੰਦਾ।
ਜੇ ਪੰਥ ਖਾਲਸਾ ਨਾ ਹੁੰਦਾ, ਤਾਂ ਖੰਡਰ ਹਿੰਦੁਸਤਾਨ ਹੁੰਦਾ।

ਚਟਣੀ ਹੋ ਜਾਂਦਾ ਹਿੰਦੂ ਧਰਮ, ਮੰਦਰਾਂ ਦਾ ਨ ਨਾਮੋ-ਨਿਸ਼ਾਂ ਦਿਸਦਾ।
ਮਰ ਜਾਂਦਾ ਸਭ ਮਰਦਊ-ਪੁਣਾ, ਨਾ ਹਿੰਦੂ ਕੋਈ ਜਵਾਂ ਦਿਸਦਾ।
ਕੋਈ 'ਜਾਫ਼ਰ' ਤੇ ਕੋਈ 'ਅਹਿਮਦ', ਕੋਈ 'ਹੁਸੈਨ 'ਦਿਲਾਵਰ ਖ਼ਾਂ' ਦਿਸਦਾ।
ਪੌਰਾਣਕ ਰੀਤਾਂ ਰਸਮਾਂ ਦਾ, ਨਾ ਭਾਲਿਆਂ ਕਿਤੇ ਵੀ ਨਾਂ ਦਿਸਦਾ।
ਛੁਰੀ ਸ਼ਰੀਅਤ ਨਾਲ ਧਰਮ ਹੋ ਚੁੱਕਾ ਲਹੂ ਲੁਹਾਨ ਹੁੰਦਾ।
ਜੇ ਪੰਥ ਖ਼ਾਲਸਾ ਨਾ ਹੁੰਦਾ, ਤਾਂ ਖੰਡਰ ਹਿੰਦੁਸਤਾਨ ਹੁੰਦਾ।

ਜੇ 'ਗੁਰੂ ਨਾਨਕ' ਨੇ ਸਿੱਖੀ ਧਰਮ ਦਾ ਮਹਿਲ ਬਣਾਇਆ ਹੁੰਦਾ।
'ਗੁਰੂ ਅਰਜਨ' ਇਹਦੀਆਂ ਨੀਂਹਾਂ ਵਿਚ, ਲਹੂ ਆਪਣਾ ਪਾਇਆ ਨਾ ਹੁੰਦਾ।
ਨੌਵੇਂ ਸਤਿਗੁਰ ਏਸ ਲਈ, ਜੇ ਸੀਸ ਕਟਾਇਆ ਨਾ ਹੁੰਦਾ।
ਜੇ ਇਸ ਖ਼ਾਤਰ ਕਲਗੀਧਰ, ਸਰਬੰਸ ਲੁਟਾਇਆ ਨਾ ਹੁੰਦਾ।
ਸੱਚੀ ਗੱਲ ਹੈ ਹਰ ਇਕ ਦੀ ਅਜ, ਬਗ਼ਲ ਦੇ ਵਿਚ 'ਕੁੱਰਾਨ' ਹੁੰਦਾ।
ਜੇ ਪੰਥ ਖਾਲਸਾ ਨਾ ਹੁੰਦਾ, ਤਾਂ ਖੰਡਰ ਹਿੰਦੁਸਤਾਨ ਹੁੰਦਾ।

ਉਸ ਕਾਮਲ ਮੁਰੰਸ਼ਦ ਦਸਮ ਗੁਰੂ, ਸੁੱਤਾ ਇਹ ਦੇਸ਼ ਜਗਾ ਦਿੱਤਾ।
ਬੀਰ-ਪੁਣੇ ਦਾ ਟੀਕਾ ਲਾ ਕੇ, ਜਗ ਤਰਥਲ ਮਚਾ ਦਿੱਤਾ।
ਉਸ ਲੋਹੇ ਨਾਲ ਰਗੜ ਲੋਹਾ, ਜਿਹਾ ਆਬੇ-ਹਯਾਤ ਬਣਾ ਦਿੱਤਾ।
ਜਿਸ ਪੀਤਾ ਬਣਿਆ ਸ਼ੇਰ ਮਰਦ, ਉਸ ਮਰਦ ਅਕਾਸ਼ ਕੰਬਾ ਦਿੱਤਾ।
'ਮਿੱਤਰ' ਦਸਮੇਸ਼ ਜੇ ਆਉਂਦੇ ਨਾ, ਤਾਂ ਭਾਰਤ ਦੇਸ਼ ਵੀਰਾਨ ਹੁੰਦਾ।
ਜੇ ਪੰਥ ਖ਼ਾਲਸਾ ਨਾ ਹੁੰਦਾ, ਤਾਂ ਖੰਡਰ ਹਿੰਦੁਸਤਾਨ ਹੁੰਦਾ।

---

ਓਇ ! ਤੂੰ ਰੋਂਦਿਆਂ ਵੇਖ ਕੇ ਕਿਸੇ ਦਿਲ ਨੂੰ, ਦਿਲਾ ! ਦਸ ਮੈਨੂੰ, ਕੀ ਹਸਾ ਸਕਨੈਂ ?
ਪੀੜ ਕਿਸੇ ਦੀ ਦਿਲੋਂ ਮਹਿਸੂਸ ਕਰ ਕੇ, ਮਲ੍ਹਮ ਪ੍ਰੇਮ ਪਿਆਰ ਦੀ ਲਾ ਸਕਨੈਂ ?
ਦੁਨੀਆਦਾਰੀ ਵਿਚ ਦਰਦ ਵੰਡ ਣ ਖ਼ਾਤਰ, ਜੇਕਰ ਬੀਬਿਆ ਕੁਝ ਨਹੀਂ ਕਰਨ ਜੋਗਾ;
ਤਾਂ ਫਿਰ 'ਮਿੱਤਰਾ' ਤੇਰਾ ਬਿਅਰਥ ਰਹਿਣਾ, ਚਲਾ ਜਾਹ, ਤੂੰ ਜੱਗ ਚੋਂ ਜੇ ਸਕਨੈਂ।
ਉਮਰ ਜੁਆਨੀ ਅੰਦਰ, ਕੀਤਾ ਸਵੈ-ਕਾਬੂ ਜਿਹੜੇ ਇਨਸਾਨ।
ਓਹੀ ਬਹਾਦਰ, ਓਹੀ ਬਲੀ ਹੈ, ਓਹੀ ਦੇਵਤਾ ਵਿਚ ਜਹਾਨ।
ਬੁੱਢੀ ਆਯੂ ਵਿਚ ਤਿਆਗੀ ਬਣ ਬੈਠਾ ਤਾਂ ਕਿਹਾ ਨਮੂਜ;
ਸਾਰੀ ਉਮਰ ਰਿਹਾ ਜੇ 'ਮਿੱਤਰ', ਵਿਸ਼ੇ ਵਿਕਾਰਾਂ ਵਿਚ ਗ਼ਲਤਾਨ।



www.AKJ.Org

# ਟੀ.ਵੀ. ਇਕ ਭਿਆਨਕ ਰੋਗ

[ਭਾਈ ਅਮਰਜੀਤ ਸਿੰਘ ਜੀ ਨਿਹੰਗ, ਸ਼ਿਮਲਾਪੁਰੀ, ਲੁਧਿਆਣਾ]

ਭਾਵੇਂ ਕੁਰੀਤੀਆਂ ਤਾਂ ਹੋਰ ਵੀ ਬੜੀਆ ਹਨ, ਪ੍ਰਰ ਪੰਥਕ ਕਲਚਰ ਨੂੰ ਜ ਨੁਕਸਾਨ ਟੀ. ਵੀ. ਪਹੁੰਚਾ ਰਿਹਾ ਹੈ, ਉਸ ਦਾ ਕੋਈ ਲੇਖਾ ਜੋਖਾ ਨਹੀਂ। ਸਿਆਣੇ ਬੁਧੀਜੀਵੀ ਗੁਰਮੁਖ ਪਿਆਰੇ ਭੀ ਇਸ ਬੀਮਾਰੀ ਦੀ ਤਸ਼ਖ਼ੀਸ਼ ਨਹੀਂ ਕਰ ਰਹੇ ਕਿ ਇਹ ਸਿੱਖ ਪੰਥ ਦੇ ਮਹਿਲ ਦੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੈ। ਪੰਥ ਦੀਆਂ ਜੜ੍ਹਾਂ ਨੂੰ ਇਹ ਏਡਾ ਵੱਡਾ ਘੁਣ ਲੱਗਾ ਹੋਇਆ ਹੈ ਕਿ ਕਿਸੇ ਟਾਇਮ ਉਤੇ ਪੰਥ ਰੂਪੀ ਮਹਿਲ ਢਹਿ-ਢੇਰੀ ਕਰ ਸੁਟੇਗਾ। ਬਹੁਤੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਥ-ਦਰਦੀ ਭੀ ਬਥੇਰੇ ਹੋਣਗੇ, ਅਖੰਡ ਕੀਰਤਨੀ ਜਥੇ ਵਿਚ ਵੀ ਪੰਥਕ ਜਜ਼ਬਾ ਰੱਖਣ ਵਾਲੇ ਸੱਜਣ ਕਾਫੀ ਹੋਣਗੇ, ਪਰ ਉਹ ਇਸ ਭਿਆਨਕ ਰੋਗ ਵਲੋਂ ਕਿਉਂ ਅਵੇਸਲੇ ਹੋਏ ਬੈਠੇ ਹਨ ? ਜਦੋਂ ਸਾਡੇ ਘਰ ਨੂੰ ਅੱਗ ਲੱਗੀ ਹੋਵੇ, ਅਤੇ ਸਾਨੂੰ ਇਹ ਦਿਸ ਰਿਹਾ ਹੋਵੇ ਕਿ ਇਹ ਅਸਾਂ ਸਾਰਿਆਂ ਨੂੰ ਆਪਣੀ ਲਪੇਟ ਵਿਚ ਲੈ ਲਵੇਗੀ, ਫਿਰ ਹੱਥ ਤੇ ਹੱਥ ਰੱਖ ਕੇ ਬੈਠਣ ਦਾ ਕੀ ਕਾਰਨ ਹੈ ? ਕੀ ਇਕ ਦੂਜੇ ਵਲ ਤਾਂ ਨਹੀਂ ਦੇਖ ਰਹੇ ?

ਇਸ ਤੋਂ ਇਨਕਾਰੀ ਨਹੀਂ ਹੋ ਸਕੀਦਾ ਕਿ ਟੀ. ਵੀ. ਵਿਚ ਕਈ ਚੰਗੀਆਂ ਚੀਜ਼ਾਂ ਵੀ ਹੋਣਗੀਆਂ, ਪਰ ਇਸ ਵਿਚਲੀਆਂ ਫ਼ਿਲਮੀ ਰੰਗੀਨੀਆਂ ਅਤੇ ਕਈ ਤਰ੍ਹਾਂ ਦੇ ਮੌਜ-ਮੇਲਿਆ ਦੀਆਂ ਪਰਦਰਸ਼ਨੀਆਂ ਦੇ ਮਾਰੂ ਅਸਰ ਤੋਂ, ਨੌਜੁਆਨ ਪੀੜ੍ਹੀ ਨਹੀਂ ਬਚ ਸਕਦੀ। ਨੌਜਵਾਨ ਬੱਚਿਆਂ ਲਈ ਇਹ ਇਕ ਭਿਆਨਕ ਰੋਗ ਹੈ, ਜੋ ਕੋੜ੍ਹ ਚੰਬੜਨ ਤੋਂ ਘਟ ਨਹੀਂ। ਟੀ.ਵੀ. ਸਿਖ ਪਨੀਰੀ ਨੂੰ ਗੁਰਬਾਣੀ ਗੁਰੂ ਅਤੇ ਗੁਰ-ਇਤਿਹਾਸ ਤੋਂ ਦੂਰ ਲਿਜਾ ਰਿਹਾ ਹੈ। ਇਸ ਭਿਆਨਕ ਕੋੜ੍ਹ ਤੋਂ ਕੌਮ ਨੂੰ ਬਚਾਣਾ ਚਾਹੀਦਾ ਹੈ। ਇਸ ਵੇਲੇ ਤਾਂ ਕੋਈ ਘਰ ਵੀ ਇਸ ਤੋਂ ਖ਼ਾਲੀ ਨਹੀਂ ਦਿਸਦਾ। ਸਭ ਅਮੀਰ ਗਰੀਬ ਅਤੇ ਮਨਮੁਖ ਤੇ ਗੁਰਮੁਖ ਸਿਖ ਵੀ ਇਸ ਦੀ ਲਪੇਟ ਵਿਚ ਆ ਚੁਕੇ ਹਨ।

ਗੁਰਬਾਣੀ ਦੇ ਲੜ-ਲਗੇ ਨਾਮ-ਰਸੀਏ ਗੁਰਮੁਖ ਪਿਆਰਿਆਂ ਦਾ ਫ਼ਰਜ਼ ਬਣਦਾ ਹੈ ਕਿ ਟੀ.ਵੀ. ਦੀ ਰੋਕ-ਥਾਮ ਲਈ ਅਤੇ ਇਸ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਇਕ ਜ਼ਬਰਦਸਤ ਮੁਹਿੰਮ ਚਲਾਉਣ। ਇਸ ਤੋਂ ਖਲਾਸੀ ਪਾਉਣ ਲਈ ਹਰ ਹੀਲਾ ਵਰਤਿਆ ਜਾਵੇ। ਇਸ ਬੀਮਾਰੀ ਤੋਂ ਛੁਟਕਾਰਾਂ ਪਾਏ ਬਿਨਾਂ,ਅਸੀਂ ਆਪਣੀ ਬਾਲ-ਪਨੀਰੀ ਦੇ ਹਿਰਦਿਆਂ ਵਿਚ ਗੁਰਬਾਣੀ ਲਈ ਸੱਚਾ ਸੁੱਚਾ ਪਿਆਰ ਅਤੇ ਗੁਰੂ-ਚਰਨਾਂ ਦੀ ਖਿੱਚ ਪੈਦਾ ਨਹੀਂ ਕਰ ਸਕਦੇ।

ਜੇਕਰ ਅਸੀਂ ਇਹ ਹੰਭਲਾ ਨਹੀਂ ਮਾਰ ਸਕਦੇ ਤਾਂ ਸਮਝੋ ਅਸੀਂ ਮਰ ਗਏ। ਇਹੀ ਸਾਡੀ ਗੁਲਾਮੀ ਦੀ ਨਿਸ਼ਾਨੀ ਹੋਵੇਗੀ। ਜਿਸ ਦਾ ਮਨ ਗੁਲਾਮ ਹੋ ਜਾਂਦਾ ਹੈ, ਉਸ ਨੂੰ ਹੀ ਗੁਲਾਮ ਬਣਾਇਆ ਜਾਂਦਾ ਹੈ। ਜਦੋਂ ਅਸੀਂ ਆਪਣੇ ਮਨ ਦੀ ਅਵਾਜ਼ ਬਾਹਰ ਨਹੀਂ ਕੱਢ ਸਕਦੇ, ਸਮਝੋ ਸੱਚਾ ਮਨ ਦੱਬ ਗਿਆ, ਝੂਠਾ ਮਨ ਉਚਾ ਹੋ ਗਿਆ। ਫਿਰ ਸਾਡੀ ਮਤ ਨੀਵੀਂ ਹੋ ਗਈ। ਗੁਰੂ ਦੀ ਮੱਤ ਨੂੰ ਅਸੀਂ ਦਬਾ ਕੇ ਬੈਠ ਗਏ। ਆਪਣੇ ਪੈਰੀਂ ਆਪ ਕੁਲਹਾੜਾ ਮਾਰ ਲਿਆ। ਜਦੋਂ ਗੁਰੂ ਹੁਕਮ ਕਰਦਾ ਹੈ "ਨਾਟਕ ਚੇਟਕ ਕੀਏ ਕੁਕਾਜਾ"* ਹਨ ਤਾਂ ਫਿਰ ਅਸੀਂ ਗੁਰੂ ਦਾ ਹੁਕਮ ਭੀ ਨਹੀਂ ਮੰਨ ਰਹੇ। ਫਿਰ ਅਸੀਂ ਗੁਰੂ ਦੇ ਸਿੱਖ ਕਿਵੇਂ ਹੋਏ ? ਗੁਰੂ ਸਾਡੇ ਤੇ ਕਿਵੇਂ ਖੁਸ਼ ਹੋਣਗੇ ?

ਅੰਤ ਵਿਚ ਬੁਧੀਜੀਵੀ ਪੰਥਕ ਸੇਵਕਾਂ ਪਾਸ ਬਿਨੈ ਹੈ ਕਿ ਉਹ ਹੀ ਇਸ ਬੀਮਾਰੀ ਦੀ ਪਰਖ ਕਰਨ ਕਿ ਇਹ ਬੀਮਾਰੀ ਕਿਤਨੀ ਭਿਆਨਕ ਹੈ ਅਤੇ ਸਿੱਖ ਕਲਚਰ ਨੂੰ ਕਿਥੋਂ ਤਕ ਖਾ ਚੁੱਕੀ ਹੈ ਤੇ ਕਦੋਂ ਉਸ ਦੀ ਜਾਨ ਇਸ ਨੇ ਕੱਢ ਲੈਣੀ ਹੈ। ਇਹ ਸਰਵੇ ਕਰਾਉਣਾ ਜ਼ਰੂਰੀ ਹੈ।

* ਬਚਿਤ੍ਰ ਨਾਟਕ ਪਾ: ੧੦, ਅਧਿ: ੫, ਅੰਕ ੧੪

---

**ਇਹ ਚੋਰੀ ਹੈ—** ਗਿ: ਗੋਪਾਲ ਸਿੰਘ 'ਮਿੱਤਰ' ਦੀ ਕਵਿਤਾ "ਕਲਗੀਧਰ ਜੀ ਦਾ ਨੀਲਾ ਘੋੜਾ" ਸੂਰਾ ਅਪ੍ਰੈਲ 1990 ਵਿਚ ਛਪੀ ਸੀ। ਇਕ ਭੋਲੇ ਭਾਲੇ ਪਾਠਕ ਸ: ਸੁਰਿੰਦਰ ਸਿੰਘ ਕਾਦੀਆਂ ਨੇ ਉਹ ਕਵਿਤਾ ਨਕਲ ਕਰ ਕੇ ਆਪਣੇ ਨਾਂ ਹੇਠ ਹੁਣ ਸਾਨੂੰ ਭੇਜੀ ਹੈ। ਅਨਜਾਣ ਪਾਠਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਦੀ ਲਿਖਤ ਨੂੰ ਆਪਣੇ ਨਾਂ ਹੇਠ ਭੇਜਣਾ ਪਰਤੱਖ ਚੋਰੀ ਹੈ, ਜਿਸ ਤੋਂ ਬਚਣਾ ਚਾਹੀਦਾ ਹੈ।



www.AKJ.Org

# ਸਾਰੀ ਮਨੁਖਤਾ ਦਾ ਸਰਦਾਰ ਖਾਲਸਾ

[ ਗਿਆਨੀ ਜੰਗ ਸਿੰਘ ਜੀ, ਕੈਲੇਫੋਰਨੀਆ, ਅਮਰੀਕਾ ]

ਸੰਨ ੧੬੯੯ ਦੀ ਵੈਸਾਖੀ ਦੇ ਸ਼ੁਭ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਖਾਲਸਾ ਪੰਥ ਸਾਜਿਆ, ਉਨ੍ਹਾਂ ਦੀ ਇਹ ਤੀਬਰ ਇੱਛਾ ਸੀ ਕਿ ਉਹ ਸਾਰੀ ਮਨੁਖਤਾ ਦਾ ਸਰਦਾਰ ਬਣੇ। ਪਰ ਆਓ, ਅਜ ਵਿਚਾਰ ਕਰੀਏ ਕਿ ਉਹ ਕਿਹੜੇ ਕਿਹੜੇ ਵਿਸ਼ੇਸ਼ ਦੈਵੀ ਗੁਣ ਹਨ, ਜਿਨ੍ਹਾਂ ਨੂੰ ਧਾਰਨ ਕਰਨ ਨਾਲ ਖ਼ਾਲਸਾ ਸਾਰੀ ਮਨੁਖਤਾ ਦਾ ਸਰਦਾਰ ਬਣ ਸਕਦਾ ਹੈ ? ਸਾਰੀ ਮਨੁਖਤਾ ਨਾਲ ਪਿਆਰ ਕਰ ਸਕਦਾ ਹੈ ? ਤੇ ਸਾਰੀ ਮਨੁਖਤਾ ਦਾ ਉਧਾਰ ਕਰ ਸਕਦਾ ਹੈ ?

ਉਹ ਸਾਰੇ ਦੈਵੀ ਗੁਣ ਉਹੀ ਹੋਣੇ ਚਾਹੀਦੇ ਹਨ; ਜਿਹੜੇ ਪੂਰਨ ਸ਼ਰਧਾਵਾਨ ਸੰਤਾਂ ਭਗਤਾਂ ਸਤਿਗੁਰਾਂ ਨੇ ਪ੍ਰਭੂ ਦੇ ਗੁਣ ਮੰਨੇ ਹਨ। ਕਿਉਂਕਿ ਖਾਲਸਾ ਵਾਹਿਗੁਰੂ ਦਾ ਹੈ, ਇਸ ਕਰਕੇ ਇਸ ਵਿਚ ਉਹ ਸਾਰੇ ਗੁਣ ਪ੍ਰਗਟ ਹੋਣੇ ਚਾਹੀਦੇ ਹਨ, ਜੋ ਗੁਣੀ-ਨਿਧਾਨ ਵਾਹਿਗੁਰੂ ਵਿਚ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ–

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਿਨ ਭੇਵ ॥ (ਸਰਬ ਲੋਹ ਗ੍ਰੰਥ)

ਭਾਵ ਇਹ ਹੈ ਕਿ ਜਿਸ ਆਤਮ-ਰੰਗ-ਰਤੇ ਖ਼ਾਲਸੇ ਵਿਚ ਉਹ ਸਾਰੇ ਦੈਵੀ ਸ਼ੁਭ ਗੁਣ ਆ ਜਾਣ ਜੋ ਵਾਹਿਗੁਰੂ ਵਿਚ ਹਨ, ਫਿਰ ਉਸ ਖਾਲਸੇ ਵਿਚ, ਗੁਰੂ ਗੋਬਿੰਦ ਸਿੰਘ ਜੀ ਵਿਚ ਤੇ ਵਾਹਿਗੁਰੂ ਵਿਚ ਕੋਈ ਭੇਦ (ਅੰਤਰ) ਨਹੀਂ ਰਹਿ ਜਾਂਦਾ। ਤਦੋਂ ਹੀ ਸਹੀ ਅਰਥਾਂ ਵਿਚ ਖਾਲਸਾ ਵਾਹਿਗੁਰੂ ਦਾ ਕਹਾ ਸਕਦਾ ਹੈ। ਜਦ ਤੱਕ ਉਹ ਸਾਰੇ ਗੁਣ ਖਾਲਸੇ ਵਿਚ ਪ੍ਰਗਟ ਨਹੀਂ ਹੁੰਦੇ ਓਦੋਂ ਤੱਕ ਖਾਲਸਾ ਕਹਿਣ ਮਾਤ੍ਰ ਹੀ ਵਾਹਿਗੁਰੂ ਦਾ ਹੈ, ਅਤੇ ਭਾਵੇਂ ਅਸੀਂ ਕਰੋੜਾਂ ਵਾਰ ਕਹੀ ਜਾਈਏ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਪ੍ਰੰਤੂ ਅਸੀਂ ਅਮਲੀ ਰੂਪ ਵਿਚ ਇਹ ਸਾਬਤ ਨਹੀਂ ਕਰ ਸਕਦੇ ਕਿ ਖਾਲਸਾ ਸਹੀ ਅਰਥਾਂ ਵਿਚ ਵਾਹਿਗੁਰੂ ਦਾ ਬਣ ਗਿਆ ਹੈ ਤੇ ਵਾਹਿਗੁਰੂ ਜੀ ਨੇ–

ਪ੍ਰਭੁ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥ਰਹਾਉ॥੯੩॥ (ਪੰਨਾ ੬੩੧)

ਦੇ ਮਹਾਂਵਾਕ ਅਨੁਸਾਰ ਖਾਲਸੇ ਨੂੰ ਆਪਣਾ ਬਣਾ ਲਿਆ ਹੈ। ਜਦੋਂ ਖਾਲਸਾ ਸਹੀ ਅਰਥਾਂ ਵਿਚ ਵਾਹਿਗੁਰੂ ਦਾ ਬਣ ਗਿਆ ਤਾਂ–

ਜਾ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥੨॥੧੦॥ (ਪੰਨਾ ੩੦੫)

ਦੇ ਮਹਾਂਵਾਕ ਅਨੁਸਾਰ ਸਾਰੀ ਮਨੁਖਤਾ ਇਸ ਨੂੰ ਆਪਣਾ ਸਰਦਾਰ ਪ੍ਰਵਾਨ ਕਰ ਲਵੇਗੀ। ਖਾਲਸਾ ਦੁਨੀਆ ਦੇ ਜਿਸ ਹਿੱਸੇ ਵਿਚ ਵੀ ਜਾਵੇਗਾ, ਸੰਸਾਰ ਦੇ ਲੋਕ ਇਸ ਦੇ ਰਾਹਾਂ ਵਿਚ ਅੱਖਾਂ ਵਿਛਾਉਣਗੇ, ਇਸ ਨੂੰ 'ਜੀਉ ਆਇਆਂ' ਕਹਿਣਗੇ ਅਤੇ ਇਸ ਦਾ ਹਰ ਤਰ੍ਹਾਂ ਨਾਲ ਸਵਾਗਤ ਕਰਨਗੇ। ਦੁਨੀਆ ਦੇ ਲੋਕੀ ਆਪਣੇ ਉਚੇਰੇ ਸਮਾਗਮਾਂ ਵਿਚ ਖਾਲਸਾ ਜੀ ਨੂੰ ਅਜਿਹੇ ਸ਼ਬਦਾਂ ਨਾਲ ਸਨਮਾਨਤ ਕਰਨਗੇ ਕਿ–

ਖਾਲਸਾ ਵਾਹਿਗੁਰੂ ਦਾ ਵਿਸ਼ੇਸ਼ ਦੂਤ ਬਣ ਕੇ ਇਸ ਸੰਸਾਰ ਵਿਚ ਆਇਆ ਹੈ, ਇਸ ਕਰਕੇ ਸਮੁਚੀ ਮਨੁਖਤਾ ਅਕਾਲ ਪੁਰਖ ਦੇ ਹੁਕਮ ਨੂੰ ਸਿਰ ਮੱਥੇ ਉਤੇ ਪ੍ਰਵਾਨ ਕਰਦੀ ਹੋਈ ਇਸ ਨੂੰ ਆਪਣਾ ਸਰਦਾਰ (ਮੁਖੀ) ਪ੍ਰਵਾਨ ਕਰਦੀ ਹੈ। ਅਤੇ ਖਾਲਸੇ ਰਾਹੀਂ ਮਿਲੇ ਸਰਬੱਤ ਦੇ ਭਲੇ ਦੇ ਆਦੇਸ਼ ਅਤੇ ਏਕੁ ਪਿਤਾ ਏਕਸ ਕੇ ਹਮ ਬਾਰਿਕ (੬੧੧) ਦੇ ਅਮਰ ਸੰਦੇਸ਼ ਨੂੰ ਪ੍ਰਵਾਨ ਕਰਦਿਆਂ ਹੋਇਆਂ ਅੱਜ ਤੋਂ ਸਾਰੀ ਮਨੁਖਤਾ ਨੂੰ ਇਕ ਪ੍ਰਵਾਰ ਸਮਝ ਕੇ ਪਿਆਰ ਕਰੇਗੀ ਤੇ ਉਹ ਸਾਰੇ ਨਸਲੀ, ਮੁਲਕੀ, ਮਜ਼ਹਬੀ, ਤੇ ਸਮਾਜਕ ਵਿਤਕਰੇ ਖ਼ਤਮ ਕੀਤੇ ਜਾਣਗੇ, ਜੋ ਮਨੁਖਤਾ ਵਿਚ ਵੰਡੀਆਂ ਪਾ ਕੇ ਇਕ ਦੂਜੇ ਵਿਰੁਧ ਭੜਕਾਉਂਦੇ*



www.AKJ.Org

# ਪਿਆਰੇ ਮਾਸਟਰ ਹਰਬੰਸ ਸਿੰਘ ਜੀ

## ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥

ਅਖੰਡ ਕੀਰਤਨੀ ਜਥੇ ਦੇ ਰੂਹੇ-ਰਵਾਂ ਮਾਸਟਰ ਹਰਬੰਸ ਸਿੰਘ ਜੀ ਪਿੰਡ ਹਸੌਲਾ ਜ਼ਿਲਾ ਜਿਹਲਮ (ਪਾਕਿਸਤਾਨ) ਵਿਖੇ ੭ ਜੁਲਾਈ ੧੯੧੧ ਨੂੰ ਜਨਮੇ ਅਤੇ ਖਾਲਸਾ ਹਾਈ ਸਕੂਲ ਸੱਯਦ ਕਸਰਾਂ (ਰਾਵਲਪਿੰਡੀ) ਤੋਂ ੧੯੩੦ ਵਿਚ ਦਸਵੀਂ ਪਾਸ ਕੀਤੀ। ਮਗਰੋਂ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਅਧਿਆਨ ਕੋਰਸ ਕੀਤਾ। ਦੇਸ਼-ਵੰਡ ਤੋਂ ਪਹਿਲਾਂ ੧੯੪੬ ਤੀਕ ਉਹ ਖਾਲਸਾ ਹਾਈ ਸਕੂਲ ਰਾਵਲਪਿੰਡੀ ਦੀ ਇਕ ਬ੍ਰਾਂਚ ਵਿਚ ਅਧਿਆਪਕ ਰਹੇ। ਆਪ ਇਤਨੇ ਮਿਹਨਤੀ ਸੁਭਾਅ ਦੇ ਸਨ ਕਿ ਉਨ੍ਹਾਂ ਦੇ ਸਾਰੇ ਅਧਿਆਪਨ ਸਮੇਂ, ਉਨ੍ਹਾਂ ਦੀ ਕਲਾਸ ਵਿਚ ਕਦੇ ਕੋਈ ਵਿਦਿਆਰਥੀ ਫ਼ੇਲ੍ਹ ਨਹੀਂ ਸੀ ਹੋਇਆ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਵਿਚ ਧਾਰਮਿਕ ਸਿਖਿਆ ਤੇ ਦੇਸ਼-ਪਿਆਰ ਦਾ ਜਜ਼ਬਾ ਕੁਟ ਕੁਟ ਕੇ ਭਰਿਆ।

ਮਾਸਟਰ ਜੀ ਬਚਪਨ ਤੋਂ ਹੀ ਅੰਮ੍ਰਿਤ-ਧਾਰੀ, ਨੇਕ ਸੀਰਤ, ਪ੍ਰਭੂ-ਭਗਤ ਤੇ ਲਗਨ ਨਾਲ ਹਰੇਕ ਕਾਰਜ ਨੂੰ ਕਰਨ ਵਾਲੇ ਉਦਮੀ ਤੇ ਪੁਰਸ਼ਾਰਥੀ ਵਿਅਕਤੀ ਸਨ। ਦੇਸ਼-ਵੰਡ ਮਗਰੋਂ ਆਪ ਜੀ ਦਿਲੀ ਪਹੁੰਚ ਗਏ। ਇਥੇ ਦਿਲੀ ਵਿਖੇ ਸ: ਦਰਸ਼ਨ ਸਿੰਘ ਜੀ ਤੇ ਸ: ਪਰਤਾਪ ਸਿੰਘ ਜੀ ਅਨੰਦ ਫ਼ੂਡ ਮਹਿਕਮੇ ਦੇ ਉਚ ਪਦ ਤੇ ਸਸ਼ੋਭਤ ਸਨ, ਜਿਥੇ ਇਨ੍ਹਾਂ ਨੂੰ ਨੌਕਰੀ ਮਿਲ ਗਈ। ਸ: ਦਰਸ਼ਨ ਸਿੰਘ ਜੀ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਸੀ। ਇਨ੍ਹਾਂ ਦੇ ਸੰਗ ਸਾਥ ਮਾਸਟਰ ਜੀ ਵੀ ਇਸ ਸੰਗਤ ਵਲ ਖਿਚੇ ਗਏ ਅਤੇ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੇ ਅਨੰਦ ਮਾਣਦੇ ਹੋਏ ਉਹ ਸਚ ਮੁਚ ਕੁੰਦਨ ਹੋ ਨਿਬੜੇ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਨਿਰਬਾਣ ਕੀਰਤਨ ਸਮਾਗਮ ਆਮ ਤੌਰ ਤੇ ਕੁਮਾਰ ਹੱਟੀ (ਸ਼ਿਮਲਾ), ਨਾਰੰਗਵਾਲ, ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਆਦਿ ਵਿਖੇ ਹੁੰਦੇ ਰਹਿੰਦੇ ਸਨ। ਮਾਸਟਰ ਜੀ ਇਨ੍ਹਾਂ ਸਮੂਹ ਸਮਾਗਮਾਂ ਵਿਚ ਪੁਜ ਕੇ ਕੀਰਤਨਾਂ ਦੇ ਲਾਹੇ ਲੈਂਦੇ ਸਨ।

ਅਖੰਡ ਕੀਰਤਨੀ ਜਥੇ ਵਿਚ ਸ਼ਾਮਲ ਹੋ, ਮਾਸਟਰ ਜੀ ਨੇ ਗੁਰਸਿਖ ਸੰਗਤਾਂ ਤੇ ਪੰਥ ਦੀ ਤਨੋਂ ਮਨੋਂ ਖੂਬ ਸੇਵ ਕਮਾਈ। ਜਿਥੇ ਆਪ ਦਿਲੀ ਅਖੰਡ ਕੀਰਤਨੀ ਸਮਾਗਮਾਂ ਦੇ ਮੁਖੀ ਪ੍ਰਤੀਨਿਧ ਰਹੇ ਉਥੇ ਦਿਲੀ ਦੀਆਂ ਹੋਰ ਬਹੁਤ ਸਾਰੀਆਂ ਸਿਖ ਸੰਸਥਾਵਾਂ ਨਾਲ ਵੀ ਸੰਬੰਧਤ ਸਨ। ਆਂਢ ਗੁਆਂਢ ਅਤੇ ਸਾਰੀ ਦਿਲੀ ਵਿਚ ਜਿਸ ਕਿਸੇ

---

* ਤੇ ਲੜਾਉਂਦੇ ਹਨ, ਅਤੇ ਸੰਸਾਰ ਦੇ ਅਮਨ ਤੇ ਖ਼ੁਸ਼ਹਾਲੀ ਨੂੰ ਖ਼ਤਰੇ ਵਿਚ ਪਾਉਂਦੇ ਹਨ।

ਜਦੋਂ ਇਸ ਭਾਵ ਦੇ ਮਤਿਆਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ ਤਾਂ ਸਾਰੇ ਸੰਸਾਰ ਵਿਚ ਸਦੀਵੀ ਅਮਨ ਕਾਇਮ ਹੋ ਜਾਵੇਗਾ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਲੜਾਈਆਂ ਝਗੜੇ ਨਹੀਂ ਹੋਣਗੇ, ਕਿਉਂਕਿ ਜਿਨ੍ਹਾਂ ਕਾਰਨਾਂ ਕਰਕੇ ਲੜਾਈਆਂ ਝਗੜੇ ਹੁੰਦੇ ਹਨ, ਉਹ ਸਾਰੇ ਕਾਰਨ ਹੀ ਪੈਦਾ ਨਹੀਂ ਹੋਣ ਦਿੱਤੇ ਜਾਣਗੇ। ਇਸ ਤਰ੍ਹਾਂ ਖਾਲਸਾ ਸਾਰੀ ਮਨੁਖਤਾ ਦਾ ਸਰਦਾਰ ਬਣ ਕੇ ਸੰਸਾਰ ਨੂੰ ਇਕ ਨਵੀਂ ਸੇਧ ਦੇਵੇਗਾ। ਉਸ ਵੇਲੇ ਸਾਰੀ ਮਨੁਖਤਾ ਇਕ ਸੁਖੀ ਪਰਵਾਰ ਵਾਂਗ ਵੱਸੇਗੀ। ਪੈਦਾਵਾਰ ਦੇ ਸਭ ਵਸੀਲੇ ਸਰਬ ਸਾਂਝੇ ਹੋਣਗੇ। ਮਨੁਖਤਾ ਦੇ ਸਾਂਝੇ ਦੁਸ਼ਮਣ, ਅਨਪੜ੍ਹਤਾ, ਗ਼ੁਰਬਤ, ਰੋਗ, ਸੋਗ, ਬੀਮਾਰੀਆਂ, ਨਸ਼ਿਆਂ ਦੀ ਅਯੋਗ ਵਰਤੋਂ, ਤੇ ਜੁਰਾਇਮ ਕਰਨ ਦੀ ਕੁਵਿਰਤੀ ਆਦਿਕ ਖ਼ਤਮ ਕਰ ਦਿੱਤੇ ਜਾਣਗੇ। ਸੰਸਾਰ ਵਿਚ ਕਿਧਰੇ ਵੀ ਆਰਥਕ ਨਾ-ਬਰਾਬਰੀ ਨਹੀਂ ਹੋਵੇਗੀ। ਇਕ ਵਰਗ ਰਹਿਤ ਤੇ ਭੇਦ ਭਾਵ ਰਹਿਤ ਸਮਾਜ ਦੀ ਰਚਨਾ ਕੀਤੀ ਜਾਵੇਗੀ। ਇਹ ਸਭ ਕੁਝ ਅਕਾਲ ਪੁਰਖ ਦੇ ਖਾਲਸੇ ਦੇ ਰੂਪ ਵਿਚ ਭੇਜੇ ਹੋਏ ਵਿਸ਼ੇਸ਼ ਦੂਤ ਦੀ ਅਗਵਾਈ ਵਿਚ ਹੋਵੇਗਾ ਅਤੇ ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਉਹ ਸੁਪਨਾ ਸਾਕਾਰ ਹੋਵੇਗਾ, ਜੋ ਆਪ ਨੇ ੧੬੯੯ ਦੀ ਵੈਸਾਖੀ ਦੇ ਸ਼ੁਭ ਦਿਹਾੜੇ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਵੇਖਿਆ ਸੀ।



www.AKJ.Org

ਨੂੰ ਔਕੜ ਬਣਦੀ, ਉਹ ਆਪ ਜੀ ਪਾਸ ਜਾ ਪੁਜਦਾ। ਜਟਿਲ ਸਮੱਸਿਆਵਾਂ ਸੁਲਝਾਣ ਦੀ ਉਨ੍ਹਾਂ ਨੂੰ ਰੱਬੀ ਦਾਤਿ ਪ੍ਰਾਪਤ ਸੀ। ਕਿਸੇ ਦਾ ਕੋਈ ਆਪੋ ਵਿਚ ਝਗੜਾ ਹੁੰਦਾ, ਆਪ ਦੋਹਾਂ ਧਿਰਾਂ ਵਲੋਂ ਸਾਲਸ ਮਿਥੇ ਜਾਂਦੇ ਅਤੇ ਉਨ੍ਹਾਂ ਦਾ ਫੈਸਲਾ ਸਭ ਨੂੰ ਪਰਵਾਨ ਹੁੰਦਾ। ਕਈ ਉਜੜੇ ਘਰ ਉਨ੍ਹਾਂ ਨੇ ਬੜੀ ਦੌੜ-ਭਜ ਕਰ ਕੇ ਮੁੜ ਵਸਾਏ। ਧਾਰਮਿਕ ਅਦਾਰਿਆਂ ਨੂੰ ਜਦੋਂ ਵੀ ਮਾਇਆ ਦੀ ਲੋੜ ਪੈਂਦੀ, ਆਪ ਤੀਕ ਪਹੁੰਚ ਕੀਤੀ ਜਾਂਦੀ। ਆਪ ਆਪਣੇ ਅਸਰ ਰਸੂਖ ਨਾਲ ਲੱਖਾਂ ਰੁਪਏ ਇਕੱਤਰ ਕਰ ਕੇ ਉਨ੍ਹਾਂ ਸੰਸਥਾਵਾਂ ਤੀਕ ਪਹੁੰਚਾਂਦੇ ਰਹੇ। ਅਖੰਡ ਕੀਰਤਨੀ ਜਥੇ ਦਿਲੀ ਨੂੰ ਦੇਸ਼-ਦੇਸ਼ਾਂਤਰਾਂ ਤੋਂ ਲਖਾਂ ਰੁਪਏ ਮਾਸਟਰ ਜੀ ਰਾਹੀਂ ਹੀ ਪੁਜਦੇ ਸਨ। ਪਰ ਉਹ ਧਾਰਮਕ ਫੰਡ ਨੂੰ ਗੁਰੂ ਕੀ ਅਮਾਨਤ ਸਮਝ ਕੇ ਬੜੀ ਕਿਰਸ ਨਾਲ ਵਰਤਦੇ ਸਨ। ਕੀ ਮਜਾਲ ਕਿ ਇਕ ਕੌਡੀ ਵੀ ਜ਼ਾਇਆ ਹੋਣ ਦਿਤੀ ਜਾਵੇ।

ਮਾਸਟਰ ਜੀ ਸਮੂਹ ਸਿਖ ਸੰਗਤਾਂ ਦੇ ਪ੍ਰੀਤਵਾਨ ਸਨ, ਪਰ ਮੇਰੇ ਬਾਲ-ਸਖਾਈ ਪਿਆਰੇ ਮਿੱਤਰ ਸਨ ਅਤੇ ਹੁਣ ਕੁੜਮ ਵੀ ਸਨ। ਅਸੀਂ ੧੯੨੪ ਵਿਚ ਸਕੂਲ ਤੇ ਹੋਸਟਲ ਵਿਚ ਇਕੱਠੇ ਰਹਿੰਦੇ ਰਹੇ, ਪੂਰੇ ਵੀਹ ਸਾਲ ਵਾਲੀ-ਬਾਲ ਦੀ ਟੀਮ ਵਿਚ ਇਕੱਠੇ ਖਿਲਾੜੀ ਰਹੇ। ਕੋਹਮਰੀ ਤੇ ਕਸ਼ਮੀਰ ਆਦਿ ਦੀਆਂ ਕਠਨ ਪੈਦਲ ਤੇ ਸਾਈਕਲ-ਯਾਤ੍ਰਾਵਾਂ ਵੀ ਇਕੱਠਿਆਂ ਹੀ ਕਰਦੇ ਰਹੇ। ਇਉਂ ਸਕੂਲੀ ਜ਼ਿੰਦਗੀ ਤੋਂ ਬਾਅਦ ਲਗ ਪਗ ੬੫ ਸਾਲ ਦਾ ਸਮਾਂ ਮਾਸਟਰ ਜੀ ਨਾਲ ਦੁਖ ਸੁਖ ਵਿਚ ਸਾਂਝਾ ਬੀਤਿਆਂ ਹੈ।

ਭਾਵੇਂ ਆਪ ਜੀ ਨੂੰ ਪਿਛਲ ਵੀਹ ਕੁ ਸਾਲ ਤੋਂ ਸਾਹ ਦੀ ਤਕਲੀਫ ਸੀ, ਪਰ ਅਖੰਡ ਕੀਰਤਨੀ ਜਥੇ ਦਿਲੀ ਦੇ ਸਮੂਹ ਸਮਾਗਮਾਂ ਵਿਚ ਪੂਰੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਰਹੇ, ਕਦੇ ਨਾਗਾ ਨਹੀਂ ਸੀ ਪੈਣ ਦਿੰਦੇ। ਵੀਹ ਕੁ ਸਾਲ ਤੋਂ ਹੀ ਨਵਯੁਗ ਪ੍ਰੈਸ ਦੇ ਸਾਹਿਤਕ ਪਰਚੇ 'ਆਰਸੀ' ਨਾਲ ਉਹ ਜੁੜੇ ਹੋਏ ਸਨ ਅਤੇ ਇਹੋ ਦਫਤਰ ਹੀ ਉਨ੍ਹਾਂ ਦੀਆਂ ਸਰਗਮੀਆਂ ਦਾ ਕੇਂਦਰ ਸੀ।

ਆਖਰੀ ਦਿਨ ੬ ਮਾਰਚ ੧੯੯੧ ਨੂੰ ਆਪ ਨੇ ਸਾਰਾ ਦਿਨ ਆਮ ਦਿਨਾਂ ਵਾਂਗ ਕੰਮ ਵਿਚ ਮਸਰੂਫ ਬਿਤਾਇਆ। ਸਤ ਤਰੀਕ ਨੂੰ ਸਮੂਹ ਸਟਾਫ ਨੂੰ ਮਿਲਣ ਵਾਲੀਆਂ ਤਨਖਾਹਵਾਂ ਦੇ ਵੇਰਵੇ ਬਣਾ ਕੇ ਵਖ ਵਖ ਲਫਾਫਿਆਂ ਵਿਚ ਸੰਭਾਲ, ਅਲਮਾਰੀ ਨੂੰ ਤਾਲਾ ਮਾਰ ਕੇ, ਸਾਰਿਆਂ ਨੂੰ ਹਸਦਿਆਂ ਖੇਡਦਿਆਂ ਮਿਲ-ਮਿਲਾ ਕੇ ਘਰ ਪੁਜੇ। ਰਹਿਰਾਸ ਸਾਹਿਬ ਦਾ ਪਾਠ ਕੀਤਾ, ਰਾਤ ਦਾ ਖਾਣਾ ਖਾਧਾ ਅਤੇ ਰਾਮ ਨਗਰ ਦੇ ਲਾਗਲੇ ਗੁਰਦੁਆਰੇ ਵਿਚ ਲੋਕਲ ਅਖੰਡ ਕੀਰਤਨੀ ਜਥੇ ਦਾ ਕੀਰਤਨ ਸ੍ਰਵਣ ਕਰਨ ਲਈ ਜਾ ਪੁਜੇ। ਸਾਢੇ ਸਤ ਵਜੇ ਦੇ ਕਰੀਬ ਮਮੂਲੀ ਜਹੀ ਤਕਲੀਫ਼ ਜਾਪੀ, ਹਾਲ ਦੇ ਬਾਹਰ ਬਰਾਂਡੇ ਵਿਚ ਜਾ ਪੁਜੇ। ਆਪਣੀ ਨੂੰਹ ਰਾਮਿੰਦਰ ਕੌਰ ਨੂੰ ਸੁਨੇਹਾ ਘਲਿਆ ਕਿ ਉਹ ਇੰਜੈਕਸ਼ਨ ਤਿਆਰ ਕਰੇ, ਮੈਂ ਆ ਰਿਹਾ ਹਾਂ। ਕੁਝ ਮਿੰਟ ਉਡੀਕ ਕੇ ਬੇਟੀ ਰਾਮਿੰਦਰ ਕੌਰ ਇੰਜੈਕਸ਼ਨ ਤਿਆਰ ਕਰਕੇ ਗੁਰਦੁਆਰੇ ਜਾ ਪੁਜੀ। ਮਾਸਟਰ ਜੀ ਆਪਣੇ ਪ੍ਰੀਤਵਾਨ ਸ: ਗੁਰਬਚਨ ਸਿੰਘ ਤੇਲ ਵਾਲੇ ਦੀ ਗੋਦ ਵਿਚ ਲੇਟੇ ਸਨ, ਲਾਗੇ ਬੈਠੇ ਡਾ: ਰਣਜੀਤ ਸਿੰਘ ਹੋਰਾਂ ਨਬਜ਼ ਫੜੀ ਹੋਈ ਸੀ। ਇੰਜੈਕਸ਼ਨ ਲਗ ਗਿਆ। ਡਾਕਟਰ ਹੋਰੀ ਉਨ੍ਹਾਂ ਨੂੰ ਆਪਣੀ ਵੈਨ ਤੇ ਪਾ ਕੇ ਹਸਪਤਾਲ ਵਲ ਜਾ ਤੁਰੇ, ਪਰ ਰਾਹ ਵਿਚ ਹੀ ਉਨ੍ਹਾਂ ਦੀ ਆਤਮਾ ਸਚਖੰਡ ਵਲ ਪ੍ਰਵਾਜ਼ ਕਰ ਗਈ। ਇਹ ਹਿਰਦੇ-ਵੇਧਕ ਖ਼ਬਰ ਛਿਨਾਂ ਪਲਾਂ ਵਿਚ ਹੀ ਸਾਰੇ ਗਾਂਧੀ ਨਗਰ ਵਿਚ ਪੁਜ ਗਈ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਹਿੰਦੂ ਤੇ ਸਿਖ ਪਹੁੰਚ ਗਏ। ਸਾਰੇ ਇਲਾਕੇ ਗਾਂਧੀ ਨਗਰ, ਤੇ ਸ਼ਾਹਦਰੇ ਵਿਚ ਵੈਰਾਗ ਛਾ ਗਿਆ। ਸੰਗਤਾਂ ਕੀਰਤਨ ਕਰਦੀਆਂ ਜਾ ਰਹੀਆਂ ਸਨ ਅਤੇ ਮਾਸਟਰ ਜੀ ਦਾ ਸਰੀਰ ਵੈਨ ਵਿੱਚ ਫੁਲਾਂ ਵਿਚ ਲਪੇਟਿਆ ਹੋਇਆ ਸੀ। ਐਸਾ ਜਾਪਦਾ ਸੀ ਜਿਵੇਂ ਕੋਈ ਮਹਾਨ ਦੇਵਤਾ ਅਕਾਸ਼ ਵਲ ਉਡਦਾ ਜਾ ਰਿਹਾ ਹੋਵੇ ਅਤੇ ਸਾਰੇ ਦੇਵਤੇ ਉਨ੍ਹਾਂ ਤੇ ਫੁਲਾਂ ਦੀ ਬਰਖਾ ਕਰ ਰਹੇ ਹੋਣ।

ਅਜ ਉਹ ਮਹਾਨ ਆਤਮਾ, ਜੋ ਪਿਛਲੀ ਅਧੀ ਸਦੀ ਤੋਂ ਸਿਖ ਸੰਗਤਾਂ ਵਿਚ ਸਨਮਾਨੀ ਜਾ ਰਹੀ ਹੈ, ਆਪਣੀ ਅਮਿਟ ਯਾਦ ਆਪਣੇ ਗੁਰਸਿਖ ਪ੍ਰੀਤਵਾਨਾਂ, ਸਜਣਾਂ ਮਿਤਰਾਂ ਤੇ ਪਰਵਾਰ ਦੇ ਹਿਰਦਿਆਂ ਵਿਚ ਛਡ ਕੇ ਅਲੋਪ ਹੋ ਗਈ ਹੈ। ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!!

ਪਿਆਰਾ ਸਿੰਘ ਦਾਤਾ


www.AKJ.Org

# ਕੀ ਧਰਮ ਬਿਨਾਂ ਪ੍ਰਸੰਨਤਾ ਮਿਲ ਸਕਦੀ ਹੈ ?

ਪ੍ਰਸੰਨ-ਚਿਤ ਰਹਿਣਾ ਬਹੁਤਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਪ੍ਰਸੰਨਤਾ ਬਾਰੇ ਕਿਸੇ ਦੇ ਕੀ ਵਿਚਾਰ ਹਨ। 'ਸੱਚੀ ਪ੍ਰਸੰਨਤਾ' ਤਾਂ ਮਨ ਦੀ ਐਸੀ ਹਾਲਤ ਹੈ ਜਿਸ ਵਿਚ ਮਨੁੱਖ ਸ਼ਾਂਤੀ ਤੇ ਸੰਤੋਖ ਪ੍ਰਾਪਤ ਕਰਦਾ ਹੈ। ਧਨ-ਪਦਾਰਥ ਤੇ ਸੰਸਾਰਕ ਧੰਧਿਆਂ ਦੁਆਰਾ ਪ੍ਰਾਪਤ ਹੋਈ ਬਾਹਰ-ਮੁਖੀ ਪ੍ਰਸੰਨਤਾ ਤਾਂ ਥੋੜ-ਚਿਰੀ ਤੇ ਕੱਚੀ ਹੈ। ਸਾਮਵਾਦੀ ਦੇਸ਼ਾਂ ਵਿਚ ਪਦਾਰਥਕ ਹਾਲਤ ਦੇ ਸੁਧਾਰ ਜਾਣ ਕਾਰਨ, ਲੋਕ ਭਾਵੇਂ ਸੰਤੁਸ਼ਟ ਤੇ ਖ਼ੁਸ਼ਹਾਲ ਨਜ਼ਰ ਆਉਂਦੇ ਹੋਣ, ਪਰ ਕੀ ਇਹ ਨਿਸਚਿਤ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਸੱਚੀ ਖ਼ੁਸ਼ੀ ਤੇ ਮਨ ਦੀ ਅਸਲ ਸ਼ਾਂਤੀ ਪ੍ਰਾਪਤ ਕਰ ਲਈ ਹੈ ?

ਆਚਰਨ ਵਿਚ ਅੱਜ ਕਲ੍ਹ ਜੋ ਗਿਰਾਵਟ ਆ ਰਹੀ ਹੈ, ਉਸ ਦੇ ਕਾਰਨਾਂ ਵਿਚ ਇਕ ਕਾਰਨ 'ਸੱਚੇ ਧਰਮ' ਵਲੋਂ ਅਣਗਹਿਲੀ ਹੈ। ਉੱਚੇ ਸਦਾਚਾਰਕ ਨਿਯਮਾਂ ਤੋਂ ਬਿਨਾਂ, ਜੋ ਕਿ ਸੱਚੇ ਧਰਮ ਦੀ ਬੁਨਿਆਦ ਹਨ, ਨਿਯਮ-ਬੱਧ ਤੇ ਸੰਜਮੀ ਜੀਵਨ ਸੰਭਵ ਨਹੀਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਦਾਚਾਰ-ਨੀਤੀ ਦੇ ਮੁਢਲੇ ਅਸੂਲਾਂ ਤੋਂ ਭੁਲੇ ਹੋਣਾ ਜਾਂ ਇਨ੍ਹਾਂ ਤੋਂ ਮੂੰਹ ਫੇਰਨਾ ਹੀ ਵਿਸ਼ੇ-ਵਿਕਾਰਾਂ ਤੇ ਜਿਨਸੀ ਕੁਰੀਤੀਆਂ ਦਾ ਕਾਰਨ ਹਨ। ਧਰਮ-ਨਿਰਪੱਖ ਰਾਜ ਵਿਚ ਮਾਪਿਆਂ ਤੇ ਲੋਕ-ਸੇਵਕ ਸੰਸਥਾਵਾਂ ਦਾ ਫ਼ਰਜ਼ ਹੈ ਕਿ ਉਹ ਬੱਚਿਆਂ ਨੂੰ ਜੀਵਨ ਦੀਆਂ ਸਦਾਚਾਰਕ ਤੇ ਆਤਮਕ ਕਦਰਾਂ-ਕੀਮਤਾਂ ਤੋਂ ਜਾਣੂ ਕਰਾਉਣ ਅਤੇ ਉਨ੍ਹਾਂ ਨੂੰ ਨੇਕ ਬਣਾਉਣ। ਕਿਸੇ ਭਾਰੀ ਲੋਭ ਦੀ ਪਕੜ ਵਿਚ ਆ ਕੇ, ਕੋਈ ਇਨਸਾਨ ਜੇ ਇਹ ਸੋਚੇ ਕਿ ਸਦਾਚਾਰਕ ਨਿਯਮ ਮਨੁੱਖ ਨੇ ਆਪ ਸਿਰਜੇ ਹਨ ਤਾਂ ਉਹ ਸਹਿਜੇ ਹੀ ਉਨ੍ਹਾਂ ਦੀ ਉਲੰਘਣਾ ਵੀ ਕਰ ਸਕਦਾ ਹੈ। ਪਰ ਜੇ ਉਸ ਦਾ ਇਹ ਵਿਸ਼ਵਾਸ ਹੋਵੇ ਕਿ ਇਹ ਰੱਬ ਦੇ ਬਣਾਏ ਹੋਏ ਹਨ, ਜੋ ਕਿ ਕਿਸੇ ਗੁਰੂ ਜਾਂ ਦੈਵੀ ਵਿਅਕਤੀ ਰਾਹੀਂ ਦਰਸਾਏ ਗਏ ਹਨ, ਤਾਂ ਉਹ ਇਨ੍ਹਾਂ ਦੀ ਉਲੰਘਣਾ ਕਰਨੋਂ ਸੰਕੋਚ ਕਰੇਗਾ।

ਵੱਡੇ ਵੱਡੇ ਧਰਮਾਤਮਾ ਤੇ ਮਹਾਨ ਸ਼ਰਧਾਲੂ ਮਨੁੱਖ ਵੀ ਲੋਭ-ਲਾਲਚ ਅਤੇ ਵਾਸ਼ਨਾ ਦਾ ਸ਼ਿਕਾਰ ਹੋ ਸਕਦੇ ਹਨ। ਸਿਖ ਇਤਿਹਾਸ ਵਿਚੋਂ ਭਾਈ ਜੋਗਾ ਸਿੰਘ ਵਰਗੇ ਵਿਅਕਤੀ ਉਦਾਹਰਣ ਦੇ ਤੌਰ ਤੇ ਸਾਡੇ ਸਾਹਮਣੇ ਹਨ। ਧਰਮ 'ਤੇ ਜੇ ਸੱਚੇ ਦਿਲੋਂ ਅਮਲ ਨਾ ਕੀਤਾ ਜਾਏ ਤਾਂ ਬਾਹਰਮੁਖੀ ਸਾਡੇ ਨਿਜੀ ਜਾਂ ਭਾਈਚਾਰਕ ਜੀਵਨ ਉਪਰ ਇਸ ਦਾ ਕੋਈ ਅਸਰ ਨਹੀਂ ਹੁੰਦਾ।

ਧਰਮ ਵਿਚ ਤੀਬਰ ਰੁਚੀ, ਲੋਕਾਂ ਨੂੰ ਮਹਾਂ-ਪੁਰਸ਼ਾਂ ਦੀ ਸੰਗਤ ਲਈ ਪ੍ਰੇਰਦੀ ਹੈ ਅਤੇ ਸਾਧ ਸੰਗਤ ਹੀ ਉਨ੍ਹਾਂ ਨੂੰ 'ਸੱਚੀ ਪ੍ਰਸੰਨਤਾ' ਤੇ ਧਰਵਾਸ ਦੇ ਸਕਦੀ ਹੈ, ਜਿਸ ਦੀ ਕਿ ਉਨ੍ਹਾਂ ਨੂੰ ਸੱਚ ਮੁੱਚ ਲੋੜ ਹੈ।

ਕੁਝ ਲੋਕ ਧਾਰਮਕ ਹੋਣ ਦਾ ਨਿਰਾ ਵਿਖਾਵਾ ਹੀ ਕਰਦੇ ਹਨ। ਅਜਿਹਾ ਕਰਨ ਨਾਲ ਕੋਈ ਖ਼ਾਸ ਪ੍ਰਾਪਤੀ ਨਹੀਂ ਹੁੰਦੀ। ਲੋੜ ਹੈ ਦ੍ਰਿੜ੍ਹ ਵਿਸ਼ਵਾਸ ਦੀ ਅਤੇ ਉਨ੍ਹਾਂ ਗੁਰਮੁਖਾਂ ਦੀ ਸੰਗਤ ਤੇ ਸਹਾਇਤਾ ਦੀ, ਜੋ ਹਿਰਦਿਓਂ ਧਰਮ ਦੇ ਵਿਸ਼ਵਾਸੀ ਤੇ ਧਾਰਨੀ ਹਨ।

ਕੁਝ ਲੋਕ ਤਾਂ ਇਹ ਖ਼ਿਆਲ ਕਰਦੇ ਹਨ ਕਿ ਧਰਮ ਦਾ ਜੀਵਨ ਨਾਲ ਕੋਈ ਸੰਬੰਧ ਹੀ ਨਹੀਂ, ਇਸ ਦੀ ਕੋਈ ਮਹੱਤਤਾ ਹੀ ਨਹੀਂ ਅਤੇ ਜੇ ਉਹ ਧਰਮ ਨੂੰ ਆਪਣੇ ਜੀਵਨ ਵਿਚੋਂ ਕਢ ਵੀ ਦੇਣ ਤਾਂ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ। ਐਸੇ ਲੋਕਾਂ ਦਾ ਤਾਂ ਉਦੇਸ਼ ਹੈ : "ਖਾਓ ਪੀਓ ਤੇ ਮੌਜਾਂ ਕਰੋ।" ਪਰ ਕੀ ਇਹ ਵਤੀਰਾ ਜੀਵਨ ਨੂੰ ਕੋਈ ਉਦੇਸ਼ ਜਾਂ ਅਰਥ ਦੇ ਸਕਦਾ ਹੈ ? ਜੀਵਨ ਦਾ ਤਾਂ ਇਕ ਮਨੋਰਥ ਹੈ ਅਤੇ **ਕੇਵਲ ਧਰਮ ਹੀ ਮਨੁਖ ਨੂੰ ਉਸ ਦੇ ਆਤਮਕ ਵਿਰਸੇ ਤੇ ਉਦੇਸ਼ ਦੀ ਸੋਝੀ ਦੇਂਦਾ ਹੈ।**

[ਸ: ਗੋਬਿੰਦ ਸਿੰਘ ਮਨਸੁਖਾਨੀ ਲਿਖਤ "ਗੁਰਸਿੱਖੀ ਕੀ ਹੈ ?" ਵਿਚੋਂ

---

**ਵਰਸਾਲ ਚੱਕ (ਗੁਰਦਾਸਪੁਰ) ਗ੍ਰਹਿ ਭਾ: ਤ੍ਰਿਲੋਕ ਸਿੰਘ 7 ਅਪ੍ਰੈਲ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ**



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਬਲਬੀਰ ਕੌਰ ਭੁੱਜ ਕੱਛ | ੨੫੧-੦੦ | ਭਾਈ ਓਂਕਾਰ ਸਿੰਘ ਲਸਿਸਟਰ ਯੂ.ਕੇ. | ੩੪੦੦-੦੦ |
| ਸਾਧ ਸੰਗਤ ਕੋਪਨਹੈਗਨ ਡੈਨ੍ਹਮਾਰਕ | ੪੮੧੩-੦੦ | ਭਾਈ ਹਰਭਜਨ ਸਿੰਘ ਕੌਵੈਂਟਰੀ ,, | ੩੭੪-੦੦ |
| JWO ਤੇਜਿੰਦਰ ਸਿੰਘ ਹਲਵਾਰਾ (ਲੁਧਿਆਣਾ) (ਮਦਰਾਸੀ ਪ੍ਰਵਾਰ ਲਈ) | ੧੦੦-੦੦ | ਬੀਬੀ ਸੁਹਿੰਦਰ ਕੌਰ ਹੰਸਲੋ ,, | ੩੪੧੦-੦੦ |
| | | ਬੀਬੀ ਦਰਸ਼ਨ ਕੌਰ ਸਲੋਅ ,, | ੧੬੦-੦੦ |
| ਭਾਈ ਹਰਜਿੰਦਰ ਸਿੰਘ ਅੰਬਾਲਾ | ੬੦੦-੦੦ | ਸ: ਮਲਕੀਅਤ ਸਿੰਘ ਸਲੋਅ ,, | ੧੭੧੮-੦੦ |
| ਭਾਈ ਨਿਰੰਜਨ ਸਿੰਘ ਚੰਡੀਗੜ੍ਹ | ੫੦੦-੦੦ | ਬੀਬੀ ਸਤਨਾਮ ਕੌਰ ਜਸਵੰਤ ਸਿੰਘ ਸਲੋਅ | ੫੧੦-੦੦ |
| ਭਾਈ ਬਲਦੇਵ ਸਿੰਘ ਸੈਲਫ਼ੋਰਡ (ਯੂ.ਕੇ,) | ੧੫੦੦-੦੦ | ਪ੍ਰਧਾਨ ਰਾਮਗੜ੍ਹੀਆ ਗੁਰਦੁਆਰਾ ਕੌਵੇਂਟਰੀ | ੧੧੧੨੫-੦੦ |
| ਭਾਈ ਭੋਲਾ ਸਿੰਘ ਲੁਧਿਆਣਾ | ੧੦੦-੦੦ | ਬੀਬੀ ਨਸੀਬ ਕੌਰ 'ਸਿਪਨਮ' ਸਲੋਅ ਯੂ.ਕੇ. | ੩੭੪-੦੦ |
| ਮਾਸਟਰ ਸਾਧੂ ਸਿੰਘ ਬਹਿੜਪੁਰ | ੨੫-੦੦ | ਸ. ਪਰਮਤੇਜ ਸਿੰਘ ਸ਼ਿਮਲਾ | ੧੫੦-੦੦ |
| ਭਾਈ ਮੋਹਨ ਸਿੰਘ ਬੁਲ੍ਹੋਵਾਲ | ੩੦੭-੦੦ | ਸਾਧ ਸੰਗਤ ਕੋਪਨ ਹੈਗਨ ਡੈਨਮਾਰਕ | ੪੯੧੭-੦੦ |
| ਭਾਈ ਜਸਵੰਤ ਸਿੰਘ ਮੁਰਾਦਾਬਾਦ | ੧੧-੦੦ | LAC ਜਸਵੰਤ ਸਿੰਘ c/o 99 APO | ੭੦੦-੦੦ |
| ਭਾਈ ਹਿੰਮਤ ਸਿੰਘ | ੨੫੦੦-੦੦ | ਸ. ਹਰਭਜਨ ਸਿੰਘ ਗਿਲ ਇਲਫ਼ੋਰਡ ਯੂ.ਕੇ. | ੫੦੦੦-੦੦ |
| ਸਾਧ ਸੰਗਤ ਕੋਪਨ ਹੈਗਨ ਡੈਨਮਾਰਕ | ੪੮੫੮-੦੦ | ਸ. ਉਤਮ ਸਿੰਘ ਅਰੋੜਾ ਚੰਡੀਗੜ੍ਹ | ੨੦੦-੦੦ |
| ਸ. ਪ੍ਰਦੁੰਮਨ ਸਿੰਘ, ਸ਼ਿਵ ਨਗਰ ਜਲੰਧਰ | ੧੦੦-੦੦ | ਸ. ਹਰਦੇਵ ਸਿੰਘ ਢੰਡਾਰੀ ਕਲਾਂ | ੧੦੦੦-੦੦ |
| ਸ. ਉਤਮ ਸਿੰਘ ਨਵੀਂ ਦਿੱਲੀ | ੭੦-੦੦ | ਭਾਈ ਜੀਵਨ ਸਿੰਘ ਕੀਰਤਨੀਏ | ੧੦,੦੦੦-੦੦ |
| ਸਾਧ ਸੰਗਤ ਕੋਟਾ | ੫੦-੦੦ | ਸਾਧ ਸੰਗਤ ਕੋਪਨ ਹੈਗਨ ਡੈਨਮਾਰਕ | ੧੫੦੦੦-੦੦ |
| ਬੀਬੀ ਬਲਵੰਤ ਕੌਰ ਰੈਡਿੰਗ ਯੂ.ਕੇ. | ੩੪੦-੦੦ | ਗੁਪਤ ਸੇਵਾ | ੨੫੦-੦੦ |
| ਸ. ਜਸਵੰਤ ਸਿੰਘ ਬੰਬਈ | ੫੦-੦੦ | ਸਾਧ ਸੰਗਤ ਗ੍ਰੇਵਜ਼ੈਂਡ ਕੈਂਟ ਯੂ.ਕੇ. | ੩੪੫੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਦਲਬੀਰ ਕੌਰ ਪਤਨੀ ਸ਼ਹੀਦ ਬਲਦੇਵ ਸਿੰਘ ਬਾਣੀਆ (ਅੰਮ੍ਰਿਤਸਰ)—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਰਣਜੀਤ ਕੌਰ ਮਾਤਾ ਸ਼ਹੀਦ ਰਾਣਾ ਸਿੰਘ ਜਾਣੀਆਂ (ਅੰਮ੍ਰਿਤਸਰ) ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਰਾਜ ਕੌਰ ਪਤਨੀ ਸ਼ਹੀਦ ਮਨਜੀਤ ਸਿੰਘ ਟਾਂਡੀ (ਕਪੂਰਥਲਾ)—ਪਤੀ ਸ਼ਹੀਦ ੬ ਬੱਚੇ | ੭੦੦੦-੦੦ |
| ਬੀ: ਹਰਜੀਤ ਕੌਰ ਮਾਤਾ ਸ਼ਹੀਦ ਰਣਜੀਤ ਸਿੰਘ ਬੰਗਾ - ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਕਸ਼ਮੀਰ ਕੌਰ ਮਾਤਾ ਸ਼ਹੀਦ ਮੇਜਰ ਸਿੰਘ ਸ਼ਹੂਰਾ (ਅੰਮ੍ਰਿਤਸਰ)—ਪੁਤਰ ਸ਼ਹੀਦ, ਘਰੇਲੂ ਲੋੜਾਂ | ੨੦੦੦-੦੦ |
| ਭਾ: ਕੁਲਵੰਤ ਸਿੰਘ ਮਾਡਲ ਟਾਊਨ ਲੁਧਿਆਣਾ – ਦੰਗਾ ਪੀੜਤ ਪ੍ਰਵਾਰ ਕਾਨਪੁਰ ਤੋਂ ਉਜੜ ਕੇ ਆਏ | ੫੦੦੦-੦੦ |
| ਬੀ: ਗੁਰਦੀਪ ਕੌਰ ਪਤਨੀ ਸ: ਗੁਰਬਚਨਸਿੰਘ ਬੇਲਾ ਸਰਿਆਣਾ (ਹੁਸ਼ਿਆਰਪੁਰ)–ਪਤੀ ਜੇਲ੍ਹ,ਕੇਸ ਦੀ ਪੈਰਵੀ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ (ਜਨਵਰੀ ਤੋਂ ਮਾਰਚ) | ੪੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਇਤਾ

| | | | |
|---|---|---|---|
| ਸ: ਦਿਲਬਾਗ ਸਿੰਘ ਮਾਨ ਯੂ.ਕੇ. | ੪੨੨-੦੦ | ਸੰਗਤ ਤਾਰਾ ਗੜ੍ਹ, ਤਲਾਵਾਂ | ੮੦-੦੦ |
| Cpl ਕੁਲਦੀਪ ਸਿੰਘ ਬੰਗਲੌਰ | ੧੦੦-੦੦ | ਸ: ਹਰਦੀਪ ਸਿੰਘ, ਨੌਟਿੰਘਮ ਯੂ.ਕੇ. | ੫੦੦-੦੦ |
| ਸ: ਗਿਆਨ ਸਿੰਘ, ਕਲਿੱਤਰਾਂ | ੧੦-੦੦ | ਭਾ: ਸੁਰਿੰਦਰ ਸਿੰਘ, ਖਾਨਪੁਰ ਸਹੋਤਾ | ੩੦੦-੦੦ |
| ਸ: ਤਾਰਾ ਸਿੰਘ, ਨਵੀਂ ਦਿਲੀ | ੫੦-੦੦ | ਬੀਬੀ ਜਸਵੰਤ ਕੌਰ ਸੋਢੀ | ੨੦੦-੦੦ |
| ਸ: ਸਰੂਪ ਸਿੰਘ, ਬ੍ਰੈਡਫੋਰਡ ਯੂ.ਕੇ. | ੧੭੫-੦੦ | ਐਚ. ਐਲ. ਬੈਂਸ, ਯੂਬਾ ਸਿਟੀ | ੬੧੫-੦੦ |
| ਸ: ਸਤਪਾਲ ਸਿੰਘ ਅਬੂਵਾਲ | ੩੦-੦੦ | ਸ: ਸ਼ਿਵਦੇਵ ਸਿੰਘ ਲੰਡਨ | ੧੦੦-੦੦ |
| | | ਬੀਬੀ ਜਸਵੰਤ ਕੌਰ ਭੱਟੀ ਰੈਡਿੰਗ ਯੂ.ਕੇ. | ੭੧੫-੦੦ |
| ਮਾਸਟਰ ਗੁਰਦਿਆਲ ਸਿੰਘ ਮੁਖੱਲਿਆਛਾ — ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | | | ੫੧-੦੦ |
| ਮੈ: ਬੀ ਪਾਲ ਟ੍ਰੇਡਰਜ਼ ਲੁਧਿਆਣਾ -- ਭੁਜੰਗੀ ਦੇ ਜਨਮ ਦਿਨ ਦੀ ਖੁਸ਼ੀ ਵਿਚ | | | ੨੧-੦੦ |

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੇਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

## ਅਖੰਡ ਕੀਰਤਨੀ ਜਥਿਆਂ ਵਲੋਂ 12 ਅਪ੍ਰੈਲ ਸ਼ੁਕਰਵਾਰ ਸਵੇਰ ਤੋਂ 15 ਅਪ੍ਰੈਲ ਸਵੇਰ ਤਕ

12-4-91 ਸਵੇਰੇ ਕੀਰਤਨ 5-30 ਤੋਂ 8, ਉਪਰੰਤ ਸ੍ਰੀ ਅਖੰਡ ਪਾਠ ਅਰੰਭ — ਗੁ: ਸ਼ਹੀਦਗੰਜ ਬੀ ਬਲਾਕ ਸਕੂਲ
ਸ਼ਾਮ 5-30 ਤੋਂ 8-00 ਸੋਦਰ ਦੀ ਚੌਕੀ — ਗੁਰਦਵਾਰਾ ਗੁਰੂ ਕੇ ਮਹਿਲ, ਗੁਰੂ ਬਜ਼ਾਰ
13-4-91 ਸਵੇਰੇ 3-30 ਤੋਂ 6-30 ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ,ਉਪ੍ਰੰਤ 7-30 ਤੋਂ 12 ਕੀਰਤਨ ਗੁ: ਰਾਮਸਰ ਸਾਹਿਬ
ਸ਼ਾਮ 5-00 ਤੋਂ 8-00 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ — ਗੁਰਦਵਾਰਾ ਪਿਪਲੀ ਸਾਹਿਬ (ਪੁਤਲੀ ਘਰ)
14-4-91 ਸਵੇਰ 5-00 ਭੋਗ ਸ੍ਰੀ ਅਖੰਡਪਾਠ. ਉਪ੍ਰੰਤ ਦੁਪਹਿਰ ਤਕ ਅਖੰਡ ਕੀਰਤਨ — ਗੁ: ਸ਼ਹੀਦ ਗੰਜ ਬੀ ਬਲਾਕ
ਸ਼ਾਮ ਅੰਮ੍ਰਿਤ-ਸੰਚਾਰ ਤੇ ਸੋਦਰ ਉਪ੍ਰੰਤ ਰੈਣਸਬਾਈ ਕੀਰਤਨ ਅਰੰਭ15-1-91ਸਵੇਰੇ ਸਮਾਪਤੀ ਗੁ: ਸ਼ਹੀਦ ਗੰਜ ਵਿਖੇ

**ਨੋਟ** : (1) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ । (2) ਰਿਹਾਇਸ਼ ਤੇ ਲੰਗਰ ਗ: ਸ਼ਹੀਦਗੰਜ ਬੀ ਬਲਾਕ ਵਿਖੇ ਹੋਵੇਗਾ ।
(3) ਅਨੰਦ ਕਾਰਜ 15 ਅਪ੍ਰੈਲ ਅੰਮ੍ਰਿਤ ਵੇਲੇ ਹੋਣਗੇ, ਅਨੰਦ ਕਾਰਜ ਦੀ ਸੂਚਨਾ ਪਹਿਲਾਂ 'ਸੂਰਾ' ਦਫਤਰ ਵਿਚ ਭੇਜੋ।
(4) ਲੋੜ ਮੁਜਬ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ ।

**ਪੁਛ ਗਿਛ** :—
ਸੂਰਾ ਮਾਸਕ ਪੱਤਰ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ (ਫੋਨ ਪੀ.ਪੀ. 43095)
(2) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਫੋਨ 45787)

ਸੰਗਤਾਂ ਦਾ ਦਾਸਰਾ-ਜਥੇਦਾਰ
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

---

## ਖੰਨਾ ਵਿਖੇ ਸਾਲਾਨਾ ਸਮਾਗਮ 23 ਤੋਂ 26 ਮਈ—ਵੇਰਵਾ ਮਈ ਸੂਰਾ ਵਿਚ

6 ਅਪ੍ਰੈਲ ਰੈਣ ਸਬਾਈ ਕੀਰਤਨ ਕਥਾ ਅਸਥਾਨ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ

ਮਾਸਕ ਰੈਣ ਸਬਾਈ ਕੀਰਤਨ 6 ਅਪ੍ਰੈਲ ਗੁ: ਪਾ: 10 ਮੰਡੀ ਗੋਬਿੰਦਗੜ੍ਹ (ਸਾਹਮਣੇ ਰੇਲਵੇ ਸਟੇਸ਼ਨ)

ਠੀਂਡਾ (ਹੁਸਿਆਰਪੁਰ) ਗ੍ਰਿਹਿ ਭਾ: ਗੁਰਮੁਖ ਸਿੰਘ. 6 ਅਪ੍ਰੈਲ ਸਵੇਰੇ ਭੋਗ ਅਖੰਡਪਾਠ, ਰਾਤ ਰੈਣਸਬਾਈ

ਬਠਿੰਡਾ (ਡੰਗਰ-ਹਸਪਤਾਲ) ਗ੍ਰਿਹਿ ਭਾ: ਗਬਿੰਦਸਿੰਘ. 7 ਅਪ੍ਰੈਲ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ

ਮੋਗਾ, ਬੀ: ਮਹਿੰਦਰ ਕੌਰ (ਨੇੜੇ ਭਾ: ਕਰਨੈਲ ਸਿੰਘ ਆਰੇ ਵਾਲਾ) 21 ਅਪ੍ਰੈਲ ਸਵੇਰੇ 6 ਤੋਂ 10 ਕੀਰਤਨ

ਮੁਕਤਸਰ, ਗ੍ਰਿਹਿ ਭਾ: ਕਰਤਾਰ ਸਿੰਘ, ਨੰ: 4551, ਅਬੋਹਰ ਰੋਡ, 21 ਅਪ੍ਰੈਲ ਸਵੇਰੇ 6 ਤੋਂ 10 ਕੀਰਤਨ

ਪਿੰਡ ਮਲੋਆ (ਚੰਡੀਗੜ੍ਹ) ਵਿਖੇ ਸਾਲਾਨਾ ਅਖੰਡ ਕੀਰਤਨ, ਅਖੰਡਪਾਠ, ਅੰਮ੍ਰਿਤ ਸੰਚਾਰ
20 ਅਪ੍ਰੈਲ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ, ਰਾਤ ਰੈਣ ਸਬਾਈ ਤੇ ਅੰਮ੍ਰਿਤ ਸੰਚਾਰ, ਚੰਡੀਗੜ੍ਹ ਤੋਂ ਬਸਾਂ ਹਰ ਵੇਲੇ ਲਓ

ਰਾਏਪੁਰ, ਗ੍ਰਿਹਿ ਸ: ਜਗਤਾਰ ਸਿੰਘ, 20 ਅਪ੍ਰੈਲ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ, ਰਾਤ ਰੈਣਸਬਾਈ
ਪਿੰਡ ਰਾਏਪੁਰ ਅੰਮ੍ਰਿਤਸਰ ਤੋਂ ਮਹਿਤਾ ਰੋਡ ਤੇ ਡੱਡੂਆਣੇ ਅੱਡੇ ਤੋਂ ਇਕ ਕਿਲੋਮੀਟਰ

ਮੱਲਾ (ਫਰੀਦਕੋਟ) ਗ੍ਰਿਹਿ ਭਾ: ਗੁਰਮੇਲ ਸਿੰਘ, 28 ਅਪ੍ਰੈਲ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ

ਸ਼ਾਹ ਕੋਟ (ਜਲੰਧਰ) ਵਿਖੇ 4 ਮਈ ਰਾਤ ਨੂੰ ਰੈਣ ਸਬਾਈ ਕੀਰਤਨ

ਪੰਜ ਗਰਾਈਆਂ (ਸੰਗਰੂਰ) ਗੁਰਦਵਾਰਾ ਸਾਹਿਬ ਵਿਖੇ 4 ਮਈ ਰਾਤ ਰੈਣ ਸਬਾਈ ਕੀਰਤਨ

ਤਰਨ ਤਾਰਨ, ਜੰਡਿਆਲਾ ਰੋਡ, ਮਾ: ਬਲਦੇਵ ਸਿੰਘ, 5 ਮਈ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸਮਾਗਮ

ਜਥੇਦਾਰ ਅਖੰਡ ਕੀਰਤਨੀ ਜਥਾ ਯੂ.ਕੇ. ਭਾਈ ਦੀਦਾਰ ਸਿੰਘ ਹਡਰਸਫੀਲਡ ਸੂਚਨਾ ਦੇਂਦੇ ਹਨ—

(1) ਸ਼ਹੀਦੀ ਸਮਾਗਮ ਜਥੇ ਵਲੋਂ ਇੰਟਰਨੈਸ਼ਨਲ ਪੱਧਰ ਤੇ, ਸ਼ਹੀਦਾਂ ਦੀ ਯਾਦ ਵਿਚ 25 (ਸ਼ਾਮ) ਤੋਂ 27 (ਸ਼ਾਮ) ਅਪ੍ਰੈਲ ਸ੍ਰੀ ਅਖੰਡਪਾਠ, 27 ਅਪ੍ਰੈਲ ਸ਼ਨੀਵਾਰ ਸ਼ਾਮ ਨੂੰ ਪਾਠ ਦੇ ਭੋਗ ਉਪਰੰਤ ਰੈਣਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ, ਗੁਰਦਵਾਰਾ ਸਿਖ ਟੈਂਪਲ, 96-98 ਨਿਊ ਸਟਰੀਟ, ਲਮਿੰਗਟਨ-ਸਪਾ, ਇੰਗਲੈਂਡ ਵਿਖੇ ।
ਫੋਨ ਗੁਰਦਵਾਰਾ 0926-424297, ਭਾਈ ਜਰਨੈਲ ਸਿੰਘ 0926-330008 ਅਤੇ 338937

(2) ਯੂ. ਕੇ. ਅਖੰਡ ਕੀਰਤਨੀ ਜਥੇ ਦੀ ਜਨਰਲ ਬਾਡੀ ਦੀ ਮੀਟਿੰਗ, 5-5-91 ਐਤਵਾਰ ਦੁਪਹਿਰ ਡੇਢ ਵਜੇ, ਜਿਸ ਵਿਚ ਦੋ ਸਾਲ ਲਈ ਸੇਵਾਦਾਰ ਨਿਯੁਕਤ ਕੀਤੇ ਜਾਣਗੇ, ਨਾਨਕ ਪ੍ਰਕਾਸ਼ ਗੁਰਦਵਾਰਾ, ਹਰਨਾਲ ਲੇਨ, ਕੋਵੈਂਟਰੀ ਯੂ.ਕੇ. ਵਿਖੇ ਹੋਵੇਗੀ ।
ਫੋਨ ਗੁਰਦਵਾਰਾ 0203-220970, ਭਾ: ਮਹਿੰਦਰ ਸਿੰਘ 0203-665293, ਭਾ: ਗਿਆਨ ਸਿੰਘ 081-984-1921

**ਯੂ. ਕੇ. ਵਿਚ ਆਪਣੇ ਬਕਾਏ ਤੇ ਚੰਦੇ ਜਮ੍ਹਾ ਕਰਾਣ ਦਾ ਪਤਾ (ਫੋਨ 0734-67900)**

Bhai Gurnam Singh, 10-Lambourne Gardens, Earley, Berks, U.K.

www.AKJ.Org

## ਪਿਆਰੇ ਮਾਸਟਰ ਹਰਬੰਸ ਸਿੰਘ ਜੀ ਦਿੱਲੀ ਵਿਛੜ ਗਏ



ਮਾ: ਹਰਬੰਸ ਸਿੰਘ ਜੀ ਜਥੇ ਦੇ ਉਨ੍ਹਾਂ ਪੁਰਾਤਨ ਸਿੰਘਾਂ ਵਿਚੋਂ ਸਨ ਜਿਨ੍ਹਾਂ ਨੇ ਕੀਰਤਨ ਅਖਾੜਿਆਂ ਵਿਚ ਭਾ: ਸਾ: ਰਣਧੀਰ ਸਿੰਘ ਜੀ ਦੀ ਸੰਗਤ ਦਾ ਅਨੰਦ 1943 ਤੋਂ ਮਾਣਿਆ। ਹਰ ਸਾਲ ਰਾਵਲਪਿੰਡੀ ਤੋਂ ਨਾਰੰਗਵਾਲ ਸਮਾਗਮਾਂ ਤੇ ਪੁਜਦੇ ਅਤੇ ਰੰਗਾਂ ਵਿਚ ਕੀਰਤਨ ਵਿਚ ਜੁੜਦੇ। ਦੇਸ਼-ਵੰਡ ਪਿਛੋਂ ਆਪ ਦਿੱਲੀ ਆ ਟਿਕੇ ਅਤੇ ਸਰਕਾਰੀ/ਪ੍ਰਾਈਵੇਟ ਨੌਕਰੀ ਕਰਦੇ ਹੋਏ, ਅੰਤ ਤਕ ਅਖੰਡ ਕੀਰਤਨੀ ਜਥੇ ਦੀ ਨਿਰਮਾਣ ਤੇ ਅਥੱਕ ਸੇਵਾ ਕਰਦੇ ਰਹੇ। ਹਰਮਨ ਪਿਆਰੇ ਮਾਸਟਰ ਜੀ ਦਿੱਲੀ ਜਥੇ ਦੀ ਰੂਹੇ-ਰਵਾਂ ਸਨ ਅਤੇ ਸੰਗਤਾਂ ਨੂੰ ਪ੍ਰੇਰ ਕੇ ਦਿੱਲੀ ਤੋਂ ਬਾਹਰ ਸਮਾਗਮਾਂ ਤੇ ਗੁਰਧਾਮਾਂ ਦੀ ਯਾਤਰਾ ਲਈ ਉਤਸ਼ਾਹ ਦਿੰਦੇ ਸਨ। ਓੜਕ ਇਹ ਗੁਰਮੁਖ ਰੂਹ, 80 ਵਰ੍ਹੇ ਦੀ ਆਯੂ ਭੋਗ ਕੇ 6 ਮਾਰਚ 1991 ਨੂੰ ਸੋਦਰ ਦੇ ਕੀਰਤਨ ਵਿਚ ਹੀ ਬੁਲਾਵਾ ਆਉਣ ਤੇ ਗੁਰਪੁਰੀ ਪਿਆਨੇ ਕਰ ਗਏ। ਸਤਿਗੁਰੂ ਸੱਚੇ ਪਾਤਸ਼ਾਹ ਆਪਣੇ ਸੇਵਕ ਦੀ ਪੈਜ ਰਖਣ।

## ਅਖੰਡ ਕੀਰਤਨੀ ਜਥੇ ਵਲੋਂ ਮਾਸਟਰ ਜੀ ਨਮਿਤ ਸਮਾਗਮ

ਗੁਰਦੁਆਰਾ ਸੰਤਪੁਰਾ ਤਿਲਕ ਨਗਰ ਵਿਖੇ

26-4-91 ਸਵੇਰੇ 4 ਤੋਂ 6-30 ਤਕ ਕੀਰਤਨ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ

28-4-91 ਸਵੇਰੇ 6 ਵਜੇ ਪਾਠ ਦੇ ਭੋਗ ਉਪ੍ਰੰਤ ਦੁਪਹਿਰ ਤਕ ਕੀਰਤਨ

## ਕੀਰਤਨੀ ਵੀਰ ਭਾਈ ਸਤਿਨਾਮ ਸਿੰਘ ਜੀ ਵਿਛੜ ਗਏ



ਗੁਰੂ ਜੀ ਦੇ ਅਤਿ ਪਿਆਰੇ ਕੀਰਤਨੀਏ ਭਾਈ ਸਤਿਨਾਮ ਸਿੰਘ ਜੀ 7-3-91 ਨੂੰ ਕਿਸੇ ਦੁਸ਼ਟ-ਦੋਖੀ ਦੇ ਗੋਲੀ ਮਾਰਨ ਕਰਕੇ ਸਾਥੋਂ ਸਰੀਰਕ ਤੌਰ ਤੇ ਵਿਛੜ ਗਏ। ਉਨ੍ਹਾਂ ਗੁਰਬਾਣੀ ਦੇ ਡੂੰਘੇ ਸਮੁੰਦਰ ਵਿਚ ਟੁਭੀਆਂ ਲਾ ਕੇ ਸ਼ਬਦ-ਖ਼ਜਾਨਾ ਸੰਚਿਤ ਕੀਤਾ ਹੋਇਆ ਸੀ ਅਤੇ ਸਮੇਂ ਮੁਤਾਬਕ ਢੁਕਵੇਂ ਸ਼ਬਦ ਸੁਣਾ ਕੇ ਨਿਹਾਲ ਕੀਤਾ ਕਰਦੇ ਸੀ। ਇਕ ਗਰੀਬ ਗੁਰਸਿਖ ਪਰਵਾਰ ਵਿਚ 12-6-46 ਨੂੰ ਜਨਮ ਲੈ ਕੇ ਐਮ.ਏ. ਐਕਨਾਮਿਕਸ ਕੀਤੀ। ਬੈਂਕ ਦਾ C A. H B. ਇਮਤਿਹਾਨ ਪਾਸ ਕਰ ਕੇ ਕਾਫੀ ਸਮੇਂ ਤੋਂ ਪੰਜਾਬ ਐਂਡ ਸਿੰਧ ਬੈਂਕ ਵਿਚ ਬਤੌਰ ਮੈਨੇਜਰ ਕੰਮ ਕਰ ਰਹੇ ਸਨ। ਉਨ੍ਹਾਂ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ ਤੇ ਛੋਟੇ ਬੱਚੇ ਹਨ, ਉਨ੍ਹਾਂ ਨੇ ਜਿਵੇਂ ਇਸ ਵਿਛੋੜੇ ਨੂੰ ਭਾਣੇ ਵਿਚ ਮੰਨਿਆ, ਉਹ ਵੀ ਗੁਰਸਿਖੀ ਦਾ ਇਕ ਆਦਰਸ਼ਕ ਨਮੂਨਾ ਹੈ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਦਰਗਾਹੀ ਕੀਰਤਨ-ਮੰਡਲਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਗੁਰਸਿੱਖੀ ਦੀ ਚੜ੍ਹਦੀ ਕਲਾ ਬਖਸ਼ਣ।

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਜ਼ੀ ਦਾ 113ਵਾਂ ਜਨਮ-ਦਿਵਸ ਸਮਾਗਮ

### 9 ਮਈ ਵੀਰਵਾਰ ਸਵੇਰ ਤੋਂ 12 ਮਈ 1991 ਐਤਵਾਰ ਸਵੇਰ ਤਕ

ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਜਨਮ-ਦਿਵਸ ਸਮਾਗਮ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ —

9 ਤੋਂ 11 ਮਈ ਸ੍ਰੀ ਅਖੰਡਪਾਠ, ਸਵੇਰੇ ਸ਼ਾਮ ਦੋਵੇਂ ਵੇਲੇ ਕੀਰਤਨ (10 ਮਈ ਸ਼ਾਮ 7 ਤੋਂ 9 ਸੋਦਰ ਦੀ ਚੌਕੀ ਭਾਈ ਸਾਹਿਬ ਦੀ ਹਵੇਲੀ ਦੇ ਅਸਥਾਨ ਤੇ) 11 ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ 12 ਮਈ ਸਵੇਰੇ 5 ਵਜੇ ਸਮਾਪਤੀ। ਸਾਰਾ ਪ੍ਰੋਗਰਾਮ ਗੁਰਦਵਾਰਾ ਅਕਾਲੀ ਵਾਲਾ ਵਿਖੇ ਹੋਵੇਗਾ।

ਪ੍ਰਾਰਥਕ — ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜਥਾ

ਡਰਾਫਟ, ਮਨੀਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org